Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 320 13/05/2026 www.samajweekly.com samajweekly @samajweekly samajweekly

# ਡਾਕਟਰ ਬਣਨ ਦੀ ਤਿਆਰੀ ਕਰ ਰਹੇ ਲੱਖਾਂ ਵਿਦਿਆਰਥੀਆਂ ਲਈ ਵੱਡਾ ਝਟਕਾ! NEET-UG 2026 ਪ੍ਰੀਖਿਆ ਰੱਦ




**ਸਮਾਜ ਵੀਕਲੀ ਯੂ ਕੇ**

ਦੇਸ਼ ਦੀ ਸਭ ਤੋਂ ਵੱਡੀ ਮੈਡੀਕਲ ਪ੍ਰਵੇਸ਼ ਪ੍ਰੀਖਿਆ, NEET-UG 2026 ਸੰਬੰਧੀ ਇੱਕ ਵੱਡਾ ਫੈਸਲਾ ਲਿਆ ਗਿਆ ਹੈ। ਨੈਸ਼ਨਲ ਟੈਸਟਿੰਗ ਏਜੰਸੀ (NTA) ਨੇ 3 ਮਈ ਨੂੰ ਹੋਣ ਵਾਲੀ ਪ੍ਰੀਖਿਆ ਰੱਦ ਕਰ ਦਿੱਤੀ ਹੈ। ਜਾਂਚ ਏਜੰਸੀਆਂ ਦੇ ਇਨਪੁਟਸ ਅਤੇ ਕਥਿਤ 'ਅਨੁਮਾਨ ਪੇਪਰ' ਲੀਕ ਦੇ ਆਲੇ ਦੁਆਲੇ ਵਧ ਰਹੇ ਵਿਵਾਦ ਤੋਂ ਬਾਅਦ ਕੇਂਦਰ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਜਾਂਚ ਹੁਣ ਕੇਂਦਰੀ ਜਾਂਚ ਬਿਊਰੋ (CBI) ਨੂੰ ਸੌਂਪ ਦਿੱਤੀ ਗਈ ਹੈ।

ਇਸ ਫੈਸਲੇ ਨੇ ਦੇਸ਼ ਭਰ ਦੇ ਲੱਖਾਂ ਮੈਡੀਕਲ ਉਮੀਦਵਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਚਿੰਤਾ ਅਤੇ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਬਹੁਤ ਸਾਰੇ ਵਿਦਿਆਰਥੀ ਮਹੀਨਿਆਂ ਤੋਂ ਪ੍ਰੀਖਿਆ ਦੀ ਤਿਆਰੀ ਕਰ ਰਹੇ ਸਨ, ਪਰ ਹੁਣ ਉਨ੍ਹਾਂ ਨੂੰ ਪ੍ਰੀਖਿਆ ਦੁਬਾਰਾ ਦੇਣੀ ਪਵੇਗੀ। ਹਾਲਾਂਕਿ, ਸਰਕਾਰ ਅਤੇ NTA ਦਾ ਮੰਨਣਾ ਹੈ ਕਿ ਇਹ ਫੈਸਲਾ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ ਬਣਾਈ ਰੱਖਣ ਲਈ ਜ਼ਰੂਰੀ ਸੀ।

ਆਪਣੇ ਅਧਿਕਾਰਤ ਬਿਆਨ ਵਿੱਚ, ਨੈਸ਼ਨਲ ਟੈਸਟਿੰਗ ਏਜੰਸੀ ਨੇ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੋਂ ਪ੍ਰਾਪਤ ਇਨਪੁਟਸ ਪ੍ਰੀਖਿਆ ਪ੍ਰਕਿਰਿਆ ਵਿੱਚ ਸਮਝੌਤਾ ਹੋਣ ਦਾ ਸੰਕੇਤ ਦਿੰਦੇ ਹਨ। ਸ਼ੁਰੂਆਤੀ ਜਾਂਚਾਂ ਨੇ ਇਸ ਸੰਭਾਵਨਾ ਦਾ ਖੁਲਾਸਾ ਕੀਤਾ ਹੈ ਕਿ ਪ੍ਰਸ਼ਨ ਪੱਤਰ ਜਾਂ ਸਬੰਧਤ ਪ੍ਰਸ਼ਨ ਪ੍ਰੀਖਿਆ ਤੋਂ ਪਹਿਲਾਂ ਕੁਝ ਉਮੀਦਵਾਰਾਂ ਨੂੰ ਵੰਡੇ ਗਏ ਸਨ।

**ਰਾਜਸਥਾਨ ਵਿੱਚ ਵੱਡੇ ਖੁਲਾਸੇ ਸ਼ੁਰੂ**

NEET ਪੇਪਰ ਲੀਕ ਮਾਮਲੇ ਵਿੱਚ ਰਾਜਸਥਾਨ ਜਾਂਚ ਏਜੰਸੀਆਂ ਦੇ ਸਭ ਤੋਂ ਵੱਡੇ ਕੇਂਦਰ ਵਜੋਂ ਉਭਰਿਆ ਹੈ। ਹੁਣ ਤੱਕ 45 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਨ੍ਹਾਂ ਵਿੱਚ ਸ਼ੱਕੀ ਏਜੰਟ, ਕੋਚਿੰਗ ਸਟਾਫ ਅਤੇ ਪ੍ਰੀਖਿਆ ਨੈੱਟਵਰਕ ਨਾਲ ਜੁੜੇ ਹੋਰ ਵਿਅਕਤੀ ਸ਼ਾਮਲ ਹਨ।

ਸੂਤਰਾਂ ਅਨੁਸਾਰ, ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਕਥਿਤ 'ਅਨੁਮਾਨ ਪੇਪਰ' ਇੱਕ ਪ੍ਰਿੰਟਿੰਗ ਪ੍ਰੈਸ ਤੋਂ ਆਇਆ ਹੋ ਸਕਦਾ ਹੈ। ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪ੍ਰਸ਼ਨ ਪੱਤਰ ਦਾ ਹੱਥ ਲਿਖਤ ਸੰਸਕਰਣ ਪ੍ਰੀਖਿਆ ਤੋਂ ਪਹਿਲਾਂ ਕੁਝ ਵਿਅਕਤੀਆਂ ਤੱਕ ਪਹੁੰਚਿਆ ਸੀ। ਇਹ ਇਸ ਸ਼ੱਕ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਪੇਪਰ ਲੀਕ ਪ੍ਰਿੰਟਿੰਗ ਪੜਾਅ ਦੌਰਾਨ ਹੋਇਆ ਸੀ।

ਜਾਂਚ ਏਜੰਸੀਆਂ ਹੁਣ ਇਹ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਕੀ ਇਹ ਇੱਕ ਰਾਜ ਤੱਕ ਸੀਮਤ ਮਾਮਲਾ ਸੀ ਜਾਂ ਕੀ ਇਸਦਾ ਦੂਜੇ ਰਾਜਾਂ ਨਾਲ ਵੀ ਸਬੰਧ ਹੈ।

**NEET-UG 2026 ਪ੍ਰੀਖਿਆ ਨੂੰ ਮੁੜ ਤਹਿ ਕੀਤਾ ਜਾਵੇਗਾ**

NTA ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ NEET-UG 2026 ਨੂੰ ਮੁੜ ਤਹਿ ਕੀਤਾ ਜਾਵੇਗਾ। ਨਵੀਂ ਪ੍ਰੀਖਿਆ ਮਿਤੀ ਜਲਦੀ ਹੀ ਅਧਿਕਾਰਤ ਵੈੱਬਸਾਈਟ 'ਤੇ ਜਾਰੀ ਕੀਤੀ ਜਾਵੇਗੀ। ਏਜੰਸੀ ਨੇ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਦੁਬਾਰਾ ਅਰਜ਼ੀ ਦੇਣ ਦੀ ਜ਼ਰੂਰਤ ਨਹੀਂ ਹੋਵੇਗੀ।

**NTA ਦੇ ਅਨੁਸਾਰ**

ਪੁਰਾਣੀਆਂ ਅਰਜ਼ੀਆਂ ਆਪਣੇ ਆਪ ਵੈਧ ਰਹਿਣਗੀਆਂ।
ਪਹਿਲਾਂ ਚੁਣੇ ਗਏ ਪ੍ਰੀਖਿਆ ਕੇਂਦਰ ਲਾਗੂ ਰਹਿਣਗੇ।
ਵਿਦਿਆਰਥੀਆਂ ਤੋਂ ਕੋਈ ਵਾਧੂ ਫੀਸ ਨਹੀਂ ਲਈ ਜਾਵੇਗੀ।
ਜਮ੍ਹਾ ਕਰਵਾਈ ਗਈ ਪ੍ਰੀਖਿਆ ਫੀਸ ਵਾਪਸ ਕੀਤੀ ਜਾਵੇਗੀ।
ਨਵੀਂ ਪ੍ਰੀਖਿਆ ਲਈ ਨਵੇਂ ਦਾਖਲਾ ਕਾਰਡ ਜਾਰੀ ਕੀਤੇ ਜਾਣਗੇ।

**ਲੱਖਾਂ ਵਿਦਿਆਰਥੀਆਂ ਲਈ ਵਧੀਆਂ ਮੁਸ਼ਕਲਾਂ**

ਪ੍ਰੀਖਿਆ ਰੱਦ ਹੋਣ ਤੋਂ ਬਾਅਦ, ਲੱਖਾਂ ਵਿਦਿਆਰਥੀਆਂ ਵਿੱਚ ਨਿਰਾਸ਼ਾ ਅਤੇ ਤਣਾਅ ਦਾ ਮਾਹੌਲ ਹੈ। ਬਹੁਤ ਸਾਰੇ ਉਮੀਦਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮਹੀਨਿਆਂ ਤੋਂ ਸਖ਼ਤ ਮਿਹਨਤ ਕੀਤੀ ਸੀ ਅਤੇ ਹੁਣ ਉਨ੍ਹਾਂ ਨੂੰ ਦੁਬਾਰਾ ਉਹੀ ਮਾਨਸਿਕ ਤਣਾਅ ਸਹਿਣਾ ਪਵੇਗਾ।

**ਪ੍ਰੀਖਿਆ ਪ੍ਰਣਾਲੀ ਬਾਰੇ ਫਿਰ ਸਵਾਲ ਉਠਾਏ ਗਏ ਹਨ**

NEET ਦੇਸ਼ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਮੁਸ਼ਕਲ ਮੈਡੀਕਲ ਦਾਖਲਾ ਪ੍ਰੀਖਿਆਵਾਂ ਵਿੱਚੋਂ ਇੱਕ ਹੈ। ਹਰ ਸਾਲ, ਲੱਖਾਂ ਵਿਦਿਆਰਥੀ MBBS ਅਤੇ ਹੋਰ ਮੈਡੀਕਲ ਕੋਰਸਾਂ ਵਿੱਚ ਦਾਖਲੇ ਲਈ ਬੈਠਦੇ ਹਨ। ਅਜਿਹੀ ਸਥਿਤੀ ਵਿੱਚ, ਪੇਪਰ ਲੀਕ ਵਰਗੀਆਂ ਘਟਨਾਵਾਂ ਨਾ ਸਿਰਫ਼ ਵਿਦਿਆਰਥੀਆਂ ਦੀ ਮਿਹਨਤ ਨੂੰ ਪ੍ਰਭਾਵਿਤ ਕਰਦੀਆਂ ਹਨ, ਸਗੋਂ ਪੂਰੀ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਉਠਾਉਂਦੀਆਂ ਹਨ।

ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਪੇਪਰ ਲੀਕ ਦੇ ਵਾਰ-ਵਾਰ ਹੋਣ ਵਾਲੇ ਮਾਮਲੇ ਸਪੱਸ਼ਟ ਤੌਰ 'ਤੇ ਪ੍ਰੀਖਿਆ ਸੁਰੱਖਿਆ ਪ੍ਰਣਾਲੀ ਵਿੱਚ ਵੱਡੇ ਸੁਧਾਰਾਂ ਦੀ ਜ਼ਰੂਰਤ ਨੂੰ ਦਰਸਾਉਂਦੇ ਹਨ। ਖਾਸ ਤੌਰ 'ਤੇ, ਪ੍ਰਿੰਟਿੰਗ, ਆਵਾਜਾਈ ਅਤੇ ਡਿਜੀਟਲ ਨਿਗਰਾਨੀ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਉਮੀਦ ਕੀਤੀ ਜਾਂਦੀ ਹੈ ਕਿ ਜਲਦੀ ਹੀ ਨਵੀਆਂ ਪ੍ਰੀਖਿਆ ਤਰੀਕਾਂ ਅਤੇ ਸੋਧਿਆ ਹੋਇਆ ਦਾਖਲਾ ਕਾਰਡ ਜਾਰੀ ਕਰਨ ਦਾ ਸਮਾਂ-ਸਾਰਣੀ ਐਲਾਨੀ ਜਾਵੇਗੀ। ਇਸ ਲਈ, ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਤਿਆਰੀ ਜਾਰੀ ਰੱਖਣ ਅਤੇ ਅਧਿਕਾਰਤ ਅਪਡੇਟਸ 'ਤੇ ਨਜ਼ਰ ਰੱਖਣ।

# ਪੈਟਰੋਲ ਪੰਪ ਤੇ ਧਮਾਕੇ ਕਾਰਨ ਲੱਗੀ ਅੱਗ ਦੌਰਾਨ 12 ਵਿਅਕਤੀ ਝੁਲਸੇ, ਕਈ ਵਾਹਨ ਸੜ ਕੇ ਸੁਆਹ

**ਰਾਜਗੜ੍ਹ।** ਮੱਧ ਪ੍ਰਦੇਸ਼ ਦੇ ਰਾਜਗੜ੍ਹ ਜ਼ਿਲ੍ਹੇ ਦੇ ਪਚੌਰ ਕਸਬੇ ਵਿੱਚ ਬੀਤੀ ਰਾਤ ਇੱਕ ਪੈਟਰੋਲ ਪੰਪ ਤੇ ਭਿਆਨਕ ਅੱਗ ਲੱਗਣ ਕਾਰਨ 12 ਵਿਅਕਤੀ ਜ਼ਖਮੀ ਹੋ ਗਏ। ਇਸ ਹਾਦਸੇ ਵਿੱਚ ਇੱਕ ਡੀਜ਼ਲ ਟੈਂਕਰ ਅਤੇ ਲਗਭਗ ਇੱਕ ਦਰਜਨ ਮੋਟਰਸਾਈਕਲ ਸੜ ਕੇ ਸਵਾਹ ਹੋ ਗਏ ਹਨ। ਸਾਰੰਗਪੁਰ ਦੇ ਐਸ.ਡੀ.ਓ.ਪੀ. ਅਰਵਿੰਦ ਸਿੰਘ ਅਨੁਸਾਰ, ਇਹ ਘਟਨਾ ਬੀਤੀ ਰਾਤ ਕਰੀਬ 9 ਵਜੇ ਵਾਪਰੀ। ਪੈਟਰੋਲ ਪੰਪ ਤੇ ਇੱਕ ਮੋਟਰਸਾਈਕਲ ਵਿੱਚ ਤੇਲ ਭਰਿਆ ਜਾ ਰਿਹਾ ਸੀ ਕਿ ਅਚਾਨਕ ਇੱਕ ਚੰਗਿਆੜੀ ਨਿਕਲੀ, ਜਿਸ ਨੇ ਤੁਰੰਤ ਭਿਆਨਕ ਅੱਗ ਦਾ ਰੂਪ ਧਾਰ ਲਿਆ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਉੱਥੇ ਖੜ੍ਹੇ ਇੱਕ ਡੀਜ਼ਲ ਟੈਂਕਰ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ



ਕਈ ਧਮਾਕੇ ਹੋਏ। ਇਸ ਹਾਦਸੇ ਵਿੱਚ 12 ਵਿਅਕਤੀ ਬੁਰੀ ਤਰ੍ਹਾਂ ਝੁਲਸ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਦੀ ਹਾਲਤ ਬੇਹੱਦ ਗੰਭੀਰ ਹੋਣ ਕਾਰਨ ਉਸ ਨੂੰ ਇੰਦੌਰ ਰੈਫਰ ਕੀਤਾ ਗਿਆ ਹੈ। 5 ਹੋਰ ਜ਼ਖਮੀਆਂ ਨੂੰ ਸ਼ਾਜਾਪੁਰ ਜ਼ਿਲ੍ਹਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਪੰਪ ਤੇ ਖੜ੍ਹੇ 12 ਮੋਟਰਸਾਈਕਲ ਪੂਰੀ ਤਰ੍ਹਾਂ ਸੜ ਗਏ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲੀਸ ਅਤੇ ਨਗਰ ਪਾਲਿਕਾ ਅਧਿਕਾਰੀ ਦੀਪਕ ਰਣਵੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਸਮੇਤ ਮੌਕੇ ਤੇ ਪਹੁੰਚੇ। ਕਾਫੀ ਮੁਸ਼ੱਕਤ ਤੋਂ ਬਾਅਦ ਅੱਗ ਤੇ ਕਾਬੂ ਪਾਇਆ ਗਿਆ। ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਹਾਦਸੇ ਦੇ ਅਸਲ ਕਾਰਨਾਂ ਅਤੇ ਪੈਟਰੋਲ ਪੰਪ ਤੇ ਸੁਰੱਖਿਆ ਪ੍ਰਬੰਧਾਂ ਦੀ ਜਾਂਚ ਕੀਤੀ ਜਾ ਸਕੇ।

# ਸੰਜੀਵ ਅਰੋੜਾ ਨੂੰ ਹਾਈਕੋਰਟ ਤੋਂ ਨਹੀਂ ਮਿਲੀ ਰਾਹਤ

**ਚੰਡੀਗੜ੍ਹ।** ਈ ਡੀ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਗਿਫਤਾਰੀ ਦੇ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਪਟੀਸ਼ਨ ਤੇ ਸੁਣਵਾਈ ਦੌਰਾਨ ਮਾਣਯੋਗ ਅਦਾਲਤ ਵਲੋਂ ਕੋਈ ਰਾਹਤ ਨਹੀਂ ਮਿਲੀ ਹੈ। ਇਸ ਮਾਮਲੇ ਤੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਪ੍ਰਧਾਨਗੀ ਵਾਲੀ ਬੈਂਚ ਨੇ



ਸੁਣਵਾਈ ਕੀਤੀ ਜਿਸਤੋਂ ਬਾਅਦ ਅਰੋੜਾ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਅਤੇ ਇਸ ਮਾਮਲੇ ਤੇ ਸੁਣਵਾਈ ਨੂੰ 24 ਮਈ ਤਕ ਮੁਲਤਵੀ ਕਰ ਦਿੱਤਾ ਗਿਆ ਹੈ। ਅਰੋੜਾ ਨੇ ਈ ਡੀ ਵਲੋਂ ਕੀਤੀ ਗਈ ਉਹਨਾਂ ਦੀ ਗ੍ਰਿਫ਼ਤਾਰੀ ਨੂੰ ਕਾਨੂੰਨ ਦੇ ਵਿਰੁੱਧ ਦੱਸਦਿਆਂ ਪਟੀਸ਼ਨ ਦਾਇਰ ਕੀਤੀ ਸੀ। ਮੰਤਰੀ ਨੇ ਗ੍ਰਿਫ਼ਤਾਰੀ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਨਾ ਸਿਰਫ਼ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਬਲਕਿ ਉਨ੍ਹਾਂ ਖ਼ਿਲਾਫ਼ ਦਰਜ ਐਫ ਆਈ ਆਰ ਅਤੇ ਸਮੁੱਚੀ ਅਪਰਾਧਿਕ ਕਾਰਵਾਈ ਨੂੰ ਵੀ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਸੰਜੀਵ ਅਰੋੜਾ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਹੈ ਕਿ ਈਡੀ ਨੇ ਗ੍ਰਿਫ਼ਤਾਰੀ ਦੌਰਾਨ ਨਾ ਤਾਂ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਅਤੇ ਨਾ ਹੀ ਉਨ੍ਹਾਂ ਨੂੰ ਕਾਨੂੰਨ ਤਹਿਤ ਉਪਲਬਧ ਜ਼ਰੂਰੀ ਸੁਰੱਖਿਆ ਪ੍ਰਦਾਨ ਕੀਤੀ ਗਈ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਕਾਰਵਾਈ ਸਿਆਸੀ ਉਦੇਸ਼ਾਂ ਤੋਂ ਪ੍ਰੇਰਿਤ ਹੈ ਅਤੇ ਕੇਂਦਰੀ ਏਜੰਸੀ ਨੇ ਆਪਣੇ ਅਧਿਕਾਰ ਖੇਤਰ ਦੀ ਦੁਰਵਰਤੋਂ ਕੀਤੀ ਹੈ। ਜਿਕਰਯੋਗ ਹੈ ਕਿ ਈਡੀ ਨੇ ਆਮਦਨ ਤੋਂ ਵੱਧ ਜਾਇਦਾਦ, ਸ਼ੱਕੀ ਨਿਵੇਸ਼ ਅਤੇ ਕੁਝ ਕੰਪਨੀਆਂ ਰਾਹੀਂ ਕੀਤੇ ਗਏ ਵਿੱਤੀ ਲੈਣ-ਦੇਣ ਦੀ ਜਾਂਚ ਦੇ ਅਧਾਰ ਤੇ ਕਾਰਵਾਈ ਕੀਤੀ ਸੀ। ਏਜੰਸੀ ਦਾ ਦਾਅਵਾ ਹੈ ਕਿ ਮੁਢਲੀ ਜਾਂਚ ਵਿੱਚ ਅਜਿਹੇ ਵਿੱਤੀ ਲੈਣ-ਦੇਣ ਸਾਹਮਣੇ ਆਏ ਹਨ ਜਿਨ੍ਹਾਂ ਵਿੱਚ ਨਾਜਾਇਜ਼ ਪੈਸੇ ਨੂੰ ਜਾਇਜ਼ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਇਸੇ ਆਧਾਰ ਤੇ ਈਡੀ ਨੇ ਪੁੱਛਗਿੱਛ ਤੋਂ ਬਾਅਦ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਉੱਤਰ ਪ੍ਰਦੇਸ਼ ਪੁਲੀਸ ਵੱਲੋਂ 3 ਵਿਅਕਤੀਆਂ ਦਾ ਕਤਲ ਕਰਨ ਵਾਲਾ ਮੁਲਜ਼ਮ ਮੁਕਾਬਲੇ ਦੌਰਾਨ ਢੇਰ

**ਚੰਦੌਲੀ।** ਉੱਤਰ ਪ੍ਰਦੇਸ਼ ਦੇ ਚੰਦੌਲੀ ਜ਼ਿਲ੍ਹੇ ਵਿੱਚ 24 ਘੰਟਿਆਂ ਅੰਦਰ ਤਿੰਨ ਲੋਕਾਂ ਦਾ ਗੋਲੀ ਮਾਰ ਕੇ ਕਤਲ ਕਰਨ ਵਾਲੇ ਇਕ ਸਿਰਫਿਰੇ ਨੂੰ ਪੁਲੀਸ ਨੇ ਮੁਕਾਬਲੇ ਵਿੱਚ ਮਾਰ ਸੁੱਟਿਆ। ਦੋਸ਼ੀ ਦੀ ਪਛਾਣ ਪੰਜਾਬ ਦੇ ਅੰਮ੍ਰਿਤਸਰ ਵਾਸੀ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਸਾਲ 2021 ਵਿੱਚ ਫ਼ੌਜ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਪੁਲੀਸ ਸੂਤਰਾਂ ਨੇ ਅੱਜ ਦੱਸਿਆ ਕਿ 10 ਮਈ ਨੂੰ ਡੀਡੀਯੂ-ਤਾੜੀਘਾਟ ਯਾਤਰੀ ਰੇਲ ਗੱਡੀ ਵਿੱਚ ਗਾਜ਼ੀਪੁਰ ਜ਼ਿਲ੍ਹੇ ਦੇ ਜਮਾਨੀਆ ਵਾਸੀ ਮੰਗਰੂ ਦਾ ਸਿਰ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਬੀਤੀ ਰਾਤ 2 ਵਜੇ ਜੰਮੂਤਵੀ ਐਕਸਪ੍ਰੈਸ ਵਿੱਚ ਯਾਤਰਾ ਕਰ ਰਹੇ ਇਕ ਹੋਰ ਯਾਤਰੀ ਦਾ ਵੀ ਸਿਰ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕ੍ਰਮ ਵਿੱਚ ਬੀਤੀ ਸਵੇਰੇ ਥਾਣਾ ਅਲੀਨਗਰ ਖੇਤਰ ਸਥਿਤ ਜੀਵਕ ਹਸਪਤਾਲ ਵਿੱਚ ਦਾਖ਼ਲ ਲਛਮੀਨਾ ਨਾਮੀ ਔਰਤ ਨੂੰ ਵੀ ਦੋਸ਼ੀ ਨੇ ਸਿਰ ਵਿੱਚ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਹਸਪਤਾਲ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਦੋਸ਼ੀ ਬਿਨਾਂ ਕਿਸੇ ਉਕਸਾਵੇ ਦੇ ਔਰਤ ਨੂੰ ਗੋਲੀ ਮਾਰਦੇ ਹੋਏ ਦਿਖਾਈ ਦਿੱਤਾ। ਘਟਨਾ ਤੋਂ ਬਾਅਦ ਮੌਕੇ ਤੇ ਮੌਜੂਦ ਲੋਕਾਂ ਨੇ ਹਿੰਮਤ ਦਿਖਾਉਂਦੇ ਹੋਏ ਦੋਸ਼ੀ ਨੂੰ ਫੜ



ਲਿਆ ਅਤੇ ਪੁਲੀਸ ਦੇ ਹਵਾਲੇ ਕਰ ਦਿੱਤਾ। ਪੁੱਛ-ਗਿੱਛ ਵਿੱਚ ਦੋਸ਼ੀ ਨੇ ਆਪਣਾ ਨਾਂ ਗੁਰਪ੍ਰੀਤ ਸਿੰਘ ਵਾਸੀ ਅੰਮ੍ਰਿਤਸਵਰ, ਪੰਜਾਬ ਦੱਸਿਆ। ਪੁਲੀਸ ਅਨੁਸਾਰ ਉਹ ਸਾਲ 2021 ਵਿੱਚ ਫ਼ੌਜ ਤੋਂ ਸਿਪਾਹੀ ਅਹੁਦੇ ਤੋਂ ਹਟਾਇਆ ਗਿਆ ਸੀ। ਬਾਅਦ ਵਿੱਚ ਉਹ ਬਿਹਾਰ ਦੇ ਆਰਾ ਜ਼ਿਲ੍ਹੇ ਦੇ ਸਕਿਓਰਿਟੀ ਗਾਰਡ ਦੀ ਨੌਕਰੀ ਕਰਨ ਪਹੁੰਚਿਆ ਸੀ ਪਰ ਸ਼ਰਾਬ ਦੀ ਆਦਤ ਕਾਰਨ ਕੁਝ ਹੀ ਦਿਨਾਂ ਵਿੱਚ ਨੌਕਰੀ ਤੋਂ ਕੱਢ ਦਿੱਤਾ ਗਿਆ। ਇਸ ਤੋਂ ਬਾਅਦ ਉਹ ਮਾਨਸਿਕ ਰੂਪ ਤੇ ਪਰੇਸ਼ਾਨ ਅਤੇ ਨਾਰਾਜ਼ ਰਹਿਣ ਲੱਗਾ। ਪੁਲੀਸ ਅਨੁਸਾਰ ਦੋਸ਼ੀ ਨੇ 9 ਮਈ ਤੋਂ ਵੱਖ-ਵੱਖ ਟਰੇਨਾਂ ਵਿੱਚ ਯਾਤਰਾ ਕਰਦੇ ਹੋਏ ਪ੍ਰਯਾਗਰਾਜ ਅਤੇ ਚੰਦੌਲੀ ਖੇਤਰ ਵਿੱਚ ਘੁੰਮਣਾ ਸ਼ੁਰੂ ਕੀਤਾ ਅਤੇ ਪੂਰੀ ਤਰ੍ਹਾਂ ਨਾਲ ਰੈਂਡਮ ਤਰੀਕੇ ਨਾਲ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਕਤਲ ਕੀਤਾ। ਇਲੈਕਟ੍ਰਾਨਿਕ ਸਬੂਤਾਂ ਅਤੇ ਲੋਕੇਸ਼ਨ ਹਿਸਟ੍ਰੀ ਦੇ ਆਧਾਰ ਤੇ ਤਿੰਨ ਘਟਨਾਵਾਂ ਵਿੱਚ ਉਸ ਦੀ ਸ਼ਮੂਲੀਅਤ ਦੀ ਪੁਸ਼ਟੀ ਹੋਈ ਹੈ। ਪੁਲੀਸ ਨੇ ਦੋਸ਼ੀ ਨੂੰ ਹਾਦਸੇ ਵਾਲੀ ਥਾਵਾਂ ਦੇ ਪੁਨਰ ਨਿਰਮਾਣ ਲਈ ਮੁਗਲਸਰਾਏ ਰੇਲਵੇ ਸਟੇਸ਼ਨ ਅਤੇ ਬਾਅਦ ਵਿੱਚ ਸਕਲਡੀਹਾ ਖੇਤਰ ਵਿੱਚ ਉਸ ਸਥਾਨ ਲੈ ਕੇ ਗਈ, ਜਿੱਥੇ ਪਹਿਲੇ ਕਤਲ ਮਗਰੋਂ ਉਹ ਫਰਾਰ ਹੋਇਆ ਸੀ। ਇਸੇ ਦੌਰਾਨ ਦੋਸ਼ੀ ਨੇ ਇਕ ਪੁਲੀਸ ਮੁਲਾਜ਼ਮ ਦੀ ਪਿਸਤੌਲ ਖੋਹ ਲਈ ਅਤੇ ਪੁਲੀਸ ਟੀਮ ਤੇ ਫਾਇਰਿੰਗ ਕਰਦੇ ਹੋਏ ਦੌੜਨ ਲੱਗਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਜਲੰਧਰ ਦੀ ਮਕਸੂਦਾਂ ਸਬਜ਼ੀ ਮੰਡੀ 'ਚ ਚੱਲੀਆਂ ਗੋਲੀਆਂ, ਸਬਜ਼ੀ ਮੰਡੀ ਦੇ ਚੇਅਰਮੈਨ ਮੋਨੂੰ ਪੁਰੀ ਗੰਭੀਰ ਜ਼ਖਮੀ



**ਜਲੰਧਰ:** ਜਲੰਧਰ ਦੀ ਮਕਸੂਦਾਂ ਸਬਜ਼ੀ ਮੰਡੀ ਵਿੱਚ ਅੱਜ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਇੱਕ ਸਮਝੌਤੇ ਦੌਰਾਨ ਅਚਾਨਕ ਗੋਲੀਆਂ ਚੱਲ ਗਈਆਂ। ਇਸ ਘਟਨਾ ਵਿੱਚ ਮਕਸੂਦਾਂ ਸਬਜ਼ੀ ਮੰਡੀ ਦੇ ਚੇਅਰਮੈਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਗੋਲੀਬਾਰੀ ਵਿੱਚ ਜ਼ਖਮੀ ਹੋਏ ਚੇਅਰਮੈਨ ਦੀ ਪਛਾਣ ਮੋਨੂ ਪੁਰੀ ਵਜੋਂ ਹੋਈ ਹੈ, ਜੋ ਕਿ ਕਿਲ੍ਹਾ ਮੁਹੱਲਾ ਦੇ ਰਹਿਣ ਵਾਲੇ ਹਨ। ਮੋਨੂ ਪੁਰੀ ਨੂੰ ਤੁਰੰਤ ਜਲੰਧਰ ਦੇ ਸਤਿਅਮ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

**ਸਿਆਸੀ ਆਗੂਆਂ ਦਾ ਪਹੁੰਚਣਾ**

ਘਟਨਾ ਦੀ ਸੂਚਨਾ ਮਿਲਦੇ ਹੀ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਜ਼ਖਮੀ ਚੇਅਰਮੈਨ ਦਾ ਹਾਲ-ਚਾਲ ਜਾਣਨ ਲਈ ਸਤਿਅਮ ਹਸਪਤਾਲ ਪਹੁੰਚੇ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਗੋਲੀਬਾਰੀ ਕਿਸ ਕਾਰਨ ਹੋਈ ਅਤੇ ਇਸ ਪਿੱਛੇ ਕੌਣ ਲੋਕ ਸ਼ਾਮਲ ਸਨ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅੰਮ੍ਰਿਤਸਰ ਹਵਾਈ ਅੱਡੇ 'ਤੇ 5 ਕਰੋੜ ਰੁਪਏ ਤੋਂ ਵੱਧ ਦਾ ਗਾਂਜਾ ਜ਼ਬਤ



**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤਾਇਨਾਤ ਕਸਟਮ ਵਿਭਾਗ ਦੇ ਅਧਿਕਾਰੀਆਂ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਉਨ੍ਹਾਂ ਨੇ ਬੈਂਕਾਕ ਤੋਂ ਆਏ ਇੱਕ ਯਾਤਰੀ ਕੋਲੋਂ ਕਰੋੜਾਂ ਰੁਪਏ ਦੀ ਕੀਮਤ ਦਾ ਨਸ਼ੀਲਾ ਪਦਾਰਥ ਬਰਾਮਦ ਕੀਤਾ। ਜਾਣਕਾਰੀ ਅਨੁਸਾਰ ਬਰਾਮਦ ਕੀਤੇ ਗਏ ਇਸ ਹਾਈਡ੍ਰੋਪੋਨਿਕ ਗਾਂਜੇ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 5.176 ਕਰੋੜ ਰੁਪਏ ਦੱਸੀ ਜਾ ਰਹੀ ਹੈ।
ਡਾਇਰੈਕਟੋਰੇਟ ਆਫ਼ ਰੈਵੀਨਿਊ ਇੰਟੈਲੀਜੈਂਸ ਦੀ ਇੱਕ ਵਿਸ਼ੇਸ਼ ਸੂਚਨਾ ਦੇ ਆਧਾਰ 'ਤੇ ਕਸਟਮ ਵਿਭਾਗ ਨੇ ਕਾਰਵਾਈ ਕਰਦੇ ਹੋਏ ਬੈਂਕਾਕ ਤੋਂ ਆਈ ਥਾਈ ਲਾਇਨ ਏਅਰ ਦੀ ਫਲਾਈਟ (SL-214) ਰਾਹੀਂ ਪਹੁੰਚੇ ਇੱਕ ਯਾਤਰੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਜਦੋਂ ਯਾਤਰੀ ਦੇ ਸਾਮਾਨ ਦੀ ਐਕਸ-ਰੇ ਜਾਂਚ ਅਤੇ ਗਹਿਨ ਤਲਾਸ਼ੀ ਲਈ ਗਈ, ਤਾਂ ਉਸ ਦੇ ਬੈਗ ਵਿੱਚੋਂ 5.176 ਕਿਲੋਗ੍ਰਾਮ ਉੱਚ ਗੁਣਵੱਤਾ ਵਾਲਾ ਹਾਈਡ੍ਰੋਪੋਨਿਕ ਗਾਂਜਾ ਬਰਾਮਦ ਹੋਇਆ। ਕਸਟਮ ਵਿਭਾਗ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਯਾਤਰੀ ਨੂੰ 'ਧਫਸ਼ ਐਕਟ 1985 ਤਹਿਤ ਗ੍ਰਿਫ਼ਤਾਰ ਕਰ ਲਿਆ ਹੈ।

# ਮੁੰਬਈ ਹਵਾਈ ਅੱਡੇ 'ਤੇ ਦੋ ਯਾਤਰੀਆਂ ਤੋਂ 3.15 ਕਰੋੜ ਰੁਪਏ ਦਾ ਸੋਨਾ ਜ਼ਬਤ



**ਮੁੰਬਈ :** ਕਸਟਮ ਵਿਭਾਗ ਨੇ ਦੁਬਈ ਤੋਂ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ ਵਾਲੇ ਦੋ ਯਾਤਰੀਆਂ ਤੋਂ 3.15 ਕਰੋੜ ਰੁਪਏ ਦਾ ਸੋਨਾ ਜ਼ਬਤ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਇੱਕ ਵਿੱਤੀ ਪੇਸ਼ੇਵਰ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਇਹ ਕਾਰਵਾਈ ਮੁੰਬਈ ਕਸਟਮਜ਼ ਦੀ ਹਵਾਈ ਅੱਡਾ ਇਕਾਈ ਵੱਲੋਂ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ਨੀਵਾਰ ਅਤੇ ਐਤਵਾਰ ਵਿਚਕਾਰ ਕੀਤੀ ਗਈ ਸੀ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਵਿੱਤੀ ਪੇਸ਼ੇਵਰ ਅਮਰੀਕਾ-ਇਰਾਨ ਟਕਰਾਅ ਅਤੇ ਦੁਬਈ ਖੇਤਰ ਵਿੱਚ ਵਧਦੀਆਂ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਆਪਣੀ ਦੌਲਤ ਨੂੰ ਸੋਨੇ ਵਿੱਚ ਬਦਲ ਕੇ ਭਾਰਤ ਵਿੱਚ ਤਸਕਰੀ ਕਰ ਰਿਹਾ ਸੀ। ਅਧਿਕਾਰੀ ਦੇ ਅਨੁਸਾਰ ਯਾਤਰੀ ਕਸਟਮ ਡਿਊਟੀਆਂ ਤੋਂ ਬਚ ਕੇ ਆਪਣੀ ਦੌਲਤ ਦੀ ਰੱਖਿਆ ਕਰਨਾ ਚਾਹੁੰਦਾ ਸੀ। ਉਸ ਤੋਂ 1.74 ਕਰੋੜ ਰੁਪਏ ਦਾ ਸੋਨਾ ਬਰਾਮਦ ਕੀਤਾ ਗਿਆ।
ਇੱਕ ਹੋਰ ਮਾਮਲੇ ਵਿੱਚ ਕਸਟਮ ਅਧਿਕਾਰੀਆਂ ਨੇ ਐਡਵਾਂਸਡ ਪੈਸੰਜਰ ਇਨਫਰਮੇਸ਼ਨ ਸਿਸਟਮ ਦੀ ਵਰਤੋਂ ਕਰਦੇ ਹੋਏ, ਹਵਾਈ ਅੱਡੇ 'ਤੇ ਪਹੁੰਚਣ 'ਤੇ ਇੱਕ ਯਾਤਰੀ ਨੂੰ ਫੜ ਲਿਆ। ਉਨ੍ਹਾਂ ਨੇ ਇੱਕ ਵੱਡੇ ਸਿਗਰਟ ਪੈਕੇਟ ਵਿੱਚ ਮੋਮ ਦੇ ਅੰਦਰ ਛੁਪਾਇਆ ਹੋਇਆ ਸੋਨੇ ਦਾ ਪਾਊਡਰ ਬਰਾਮਦ ਕੀਤਾ। ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, ਪੈਕੇਟ ਵਿੱਚ ਚਾਰ ਪਾਊਚ ਸਨ ਜਿਨ੍ਹਾਂ ਵਿੱਚ 1,020 ਗ੍ਰਾਮ ਸੋਨਾ ਸੀ ਜਿਸਦੀ ਕੀਮਤ 1.41 ਕਰੋੜ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਯਾਤਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਅਬੋਹਰ ਦੇ ਰਾਮਸਰਾ ਨੇੜੇ ਭਿਆਨਕ ਸੜਕ ਹਾਦਸਾ, ਈ-ਰਿਕਸ਼ਾ ਅਤੇ ਪਿਕਅੱਪ ਦੀ ਟੱਕਰ ਵਿੱਚ ਬੱਚੇ ਸਮੇਤ 3 ਦੀ ਮੌਤ

**ਅਬੋਹਰ:** ਅਬੋਹਰ ਦੇ ਪਿੰਡ ਰਾਮਸਰਾ ਦੇ ਨਜ਼ਦੀਕ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ ਹੈ, ਜਿੱਥੇ ਇੱਕ ਈ-ਰਿਕਸ਼ਾ ਅਤੇ ਪਿਕਅੱਪ ਗੱਡੀ ਦੀ ਆਹਮੋ-ਸਾਹਮਣੇ ਜ਼ਬਰਦਸਤ ਟੱਕਰ ਹੋ ਗਈ। ਇਸ ਹਾਦਸੇ ਵਿੱਚ ਇੱਕ 4 ਸਾਲ ਦੇ ਮਾਸੂਮ ਬੱਚੇ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਇਹ ਸਾਰੀ ਘਟਨਾ ਉੱਥੇ ਲੱਗੇ ਸੀਸੀਟੀਵੀ (ਛਛਠੜ) ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।





**ਹਾਦਸੇ ਦਾ ਵੇਰਵਾ**

ਜਾਣਕਾਰੀ ਅਨੁਸਾਰ, ਈ-ਰਿਕਸ਼ਾ ਵਿੱਚ ਸਵਾਰ ਇੱਕ ਪਰਿਵਾਰ ਕਣਕ ਲੈ ਕੇ ਜਾ ਰਿਹਾ ਸੀ ਕਿ ਸਾਹਮਣੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਪਿਕਅੱਪ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ।
ਜਾਨੀ ਨੁਕਸਾਨ: ਇਸ ਹਾਦਸੇ ਵਿੱਚ ਈ-ਰਿਕਸ਼ਾ ਚਾਲਕ ਅਤੇ ਇੱਕ 4 ਸਾਲਾ ਬੱਚੇ ਸਮੇਤ ਤਿੰਨ ਲੋਕਾਂ ਦੀ ਜਾਨ ਚਲੀ ਗਈ।
**ਜ਼ਖਮੀ:** ਹਾਦਸੇ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖਮੀ ਹੋਈ ਹੈ, ਜਿਸ ਨੂੰ ਇਲਾਜ ਲਈ ਅਬੋਹਰ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

**ਇਨਸਾਨੀਅਤ ਹੋਈ ਸ਼ਰਮਸਾਰ**

ਮੌਕੇ 'ਤੇ ਮੌਜੂਦ ਚਸ਼ਮਦੀਦਾਂ ਨੇ ਦੱਸਿਆ ਕਿ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਹਾਦਸੇ ਤੋਂ ਬਾਅਦ ਜ਼ਖਮੀ ਸੜਕ 'ਤੇ ਤੜਫਦੇ ਰਹੇ, ਪਰ ਕਿਸੇ ਵੀ ਰਾਹਗੀਰ ਨੇ ਮਦਦ ਲਈ ਹੱਥ ਅੱਗੇ ਨਹੀਂ ਵਧਾਇਆ।
**ਚਸ਼ਮਦੀਦ ਦਾ ਬਿਆਨ:** "ਮਲਾਲ ਇਸ ਗੱਲ ਦਾ ਹੈ ਕਿ ਲੋਕ ਤਮਾਸ਼ਾ ਦੇਖਦੇ ਰਹੇ ਪਰ ਕਿਸੇ ਨੇ ਮਦਦ ਨਹੀਂ ਕੀਤੀ, ਜਿਸ ਕਾਰਨ ਮੌਕੇ 'ਤੇ ਹੀ ਇੱਕ ਜ਼ਖਮੀ ਮਹਿਲਾ ਦੀ ਮੌਤ ਹੋ ਗਈ।"
ਪਰਿਵਾਰ ਅਤੇ ਸਥਾਨਕ ਲੋਕਾਂ ਨੇ ਇਹ ਵੀ ਦੋਸ਼ ਲਗਾਇਆ ਕਿ ਪੁਲਿਸ ਅਤੇ ਸਿਹਤ ਵਿਭਾਗ ਦੀ ਐਂਬੂਲੈਂਸ ਘਟਨਾ ਦੇ ਕਾਫੀ ਦੇਰ ਬਾਅਦ ਮੌਕੇ 'ਤੇ ਪਹੁੰਚੀ, ਜਿਸ ਕਾਰਨ ਕੀਮਤੀ ਜਾਨਾਂ ਨਹੀਂ ਬਚਾਈਆਂ ਜਾ ਸਕੀਆਂ। ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਜਿਤ ਦੇ ਨਿਸ਼ਾਨ ਸਦਾ ਲਾਏ ਜਾਂਦੇ ਝੰਡੇ ਨਾਲ

**● ਬੀਕੇਯੂ ਪੰਜਾਬ ਵੱਲੋਂ 13 ਮਈ ਨੂੰ ਮਹਿਤਪੁਰ ਥਾਣੇ ਅੱਗੇ ਅਣਮਿੱਥੇ ਸਮੇਂ ਲਈ ਵਿਸ਼ਾਲ ਧਰਨੇ ਦੀ ਤਿਆਰੀ ● ਇਨਸਾਫ਼ ਮਿਲਣ ਤਕ ਰਹੇਗਾ ਧਰਨਾ ਜਾਰੀ - ਗੋਬਿੰਦਪੁਰ, ਬਾਜਵਾ**

**ਮਹਿਤਪੁਰ,13 ਮਈ (ਹਰਜਿੰਦਰ ਸਿੰਘ ਚੰਦੀ)-** ਬੀਕੇਯੂ ਪੰਜਾਬ ਇਕਾਈ ਜਲੰਧਰ ਵੱਲੋਂ ਜ਼ਿਲਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਅਤੇ ਸੂਬਾ ਵਾਇਸ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਵੱਲੋਂ ਸਾਂਝੇ ਤੌਰ ਤੇ ਪ੍ਰੈਸ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੀ ਅਗਵਾਈ ਹੇਠ ਅਣਮਿਥੇ ਸਮੇਂ ਲਈ ਮਹਿਤਪੁਰ ਥਾਣੇ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਹੈ। ਕਿਸਾਨ ਆਗੂਆਂ ਨੇ ਪ੍ਰੈੱਸ ਬਿਆਨ ਵਿੱਚ ਆਖਿਆ ਕਿ ਕੁਝ ਦਿਨ ਪਹਿਲਾਂ ਇਲ-ਾਕੇ ਦੇ ਕਿਸਾਨ ਦੀ ਫਸਲ ਰਾਤ ਨੂੰ ਜਬਰੀ ਕੱਟੀ ਜਾਣੀ। ਅਤੇ ਨਾਮਜ਼ਦ ਲੋਕਾਂ ਤੇ ਪਰਚਾ ਦਰਜ਼ ਨਾ ਕਰਨਾ ਪ੍ਰਸ਼ਾਸਨ ਦੀ ਨਲਾਇਕੀ ਹੈ। ਆਗੂਆਂ ਨੇ





ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਇਨ੍ਹਾਂ ਲੋਕਾਂ ਤੇ ਕਾਰਵਾਈ ਸਮੇਂ ਸਿਰ ਕੀਤੀ ਹੁੰਦੀ ਅੱਜ ਵਿਸ਼ਾਲ ਧਰਨਾ ਲਗਾਉਣ ਦੀ ਨੌਬਤ ਨਾ ਆਉਂਦੀ ਜੇਕਰ ਪ੍ਰਸ਼ਾਸਨ ਸਾਡਾ ਓੜਕ ਦੇਖਣਾ ਚਾਹੁੰਦਾ ਹੈ ਤਾਂ ਇਹੀ ਸਹੀ ਉਨ੍ਹਾਂ ਕਿਹਾ ਕਿ 13 ਮਈ ਦਿਨ ਬੁੱਧਵਾਰ 11 ਵਜੇ ਮਹਿਤਪੁਰ ਥਾਣੇ ਅੱਗੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਦੇ ਕੋਨੇ ਕੋਨੇ ਵਿਚੋਂ ਪੁਜ ਕੇ ਬੀਕੇਯੂ ਪੰਜਾਬ ਦੇ ਆਗੂ ਅਣਮਿੱਥੇ ਸਮੇਂ ਲਈ ਧਰਨਾ ਲਗਾ ਕੇ ਜਿੱਤ ਦੇ ਨਿਸ਼ਾਨ ਝੰਡੇ ਨਾਲ ਗੱਡਣ ਗੇ ਅਤੇ ਇਹ ਧਰਨਾ ਅਣਮਿੱਥੇ ਸਮੇਂ ਲਈ ਉਨ੍ਹਾਂ ਚਿਰ ਚੱਲੇਗਾ ਜਿਨਾਂ ਚਿਰ ਪੀੜਤ ਕਿਸਾਨ ਨੂੰ ਇਨਸਾਫ ਅਤੇ ਨਾਮਜ਼ਦ ਲੋਕਾਂ ਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾਂਦੀ । ਇਸ ਧਰਨੇ ਤੋਂ ਨਿਕਲਣ ਵਾਲੇ ਸਿਟਿਆਂ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

# ਚਾਰ ਮੰਤਰੀਆਂ ਦੇ ਅਸਤੀਫ਼ਿਆਂ ਨਾਲ ਸਟਾਰਮਰ ‘ਤੇ ਸੰਕਟ ਹੋਰ ਗਹਿਰਾਇਆ

**ਲੈਸਟਰ (ਇੰਗਲੈਂਡ), 12 ਮਈ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਖ਼ਿਲਾਫ਼ ਲੇਬਰ ਪਾਰਟੀ ਅੰਦਰ ਬਗਾਵਤ ਹੋਰ ਤੇਜ਼ ਹੋ ਗਈ ਹੈ। ਇਕ ਹੋਰ ਮੰਤਰੀ ਦੇ ਅਸਤੀਫ਼ੇ ਨਾਲ ਅਸਤੀਫ਼ਾ ਦੇਣ ਵਾਲੇ ਮੰਤਰੀਆਂ ਦੀ ਗਿਣਤੀ ਚਾਰ ਹੋ ਗਈ ਹੈ, ਜਦਕਿ 86 ਲੇਬਰ ਸੰਸਦ ਮੈਂਬਰ ਹੁਣ ਤੱਕ ਸਟਾਰਮਰ ਨੂੰ ਅਹੁਦਾ ਛੱਡਣ ਜਾਂ ਨਵੀਂ ਅਗਵਾਈ ਲਈ ਸਮਾਂ-ਸੀਮਾ ਤੈਅ ਕਰਨ ਦੀ ਮੰਗ ਕਰ ਚੁੱਕੇ ਹਨ।

ਸਭ ਤੋਂ ਤਾਜ਼ਾ ਅਸਤੀਫ਼ਾ ਸਿਹਤ ਮੰਤਰੀ ਜ਼ੁਬੈਰ ਅਹਿਮਦ ਨੇ ਦਿੱਤਾ ਹੈ। ਆਪਣੇ ਅਸਤੀਫ਼ਾ ਪੱਤਰ ਵਿਚ ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਦਾ ਪ੍ਰਧਾਨ ਮੰਤਰੀ ਤੋਂ ਭਰੋਸਾ "ਪੂਰੀ ਤਰ੍ਹਾਂ ਖ਼ਤਮ" ਹੋ ਚੁੱਕਾ ਹੈ। ਇਸ ਤੋਂ ਪਹਿਲਾਂ ਜੈੱਸ ਫ਼ਿਲਿਪਸ, ਐਲੈਕਸ ਡੇਵਿਸ-ਜੋਨਜ਼ ਅਤੇ ਮਿਆਟਾ ਫਾਹਨਬੁੱਲੇਹ ਵੀ ਸਰਕਾਰ ਛੱਡ ਚੁੱਕੇ ਹਨ। ਇਸਦੇ ਬਾਵਜੂਦ ਲੇਬਰ ਪਾਰਟੀ ਦੇ 110 ਸੰਸਦ ਮੈਂਬਰਾਂ ਨੇ ਇਕ ਸਾਂਝੇ ਬਿਆਨ ਰਾਹੀਂ ਸਟਾਰਮਰ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਅਗਵਾਈ ਚੋਣ ਦਾ ਨਹੀਂ, ਸਗੋਂ ਲੋਕਾਂ ਦਾ ਭਰੋਸਾ ਮੁੜ ਜਿੱਤਣ ਲਈ ਇਕੱਠੇ ਕੰਮ ਕਰਨ ਦਾ ਹੈ। ਉਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨੇ ਵੀ ਸਟਾਰਮਰ ਦੇ ਹੱਕ ਵਿਚ ਖੁੱਲ੍ਹ ਕੇ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਅਜੇ ਤੱਕ ਕੋਈ ਵੀ ਅਜਿਹਾ ਉਮੀਦਵਾਰ ਸਾਹਮਣੇ ਨਹੀਂ ਆਇਆ ਜਿਸਨੂੰ ਲੇਬਰ ਸੰਸਦ ਮੈਂਬਰਾਂ ਦੀ ਲੋੜੀਂਦੀ ਹਮਾਇਤ ਪ੍ਰਾਪਤ ਹੋਵੇ। ਉਨ੍ਹਾਂ ਪਾਰਟੀ ਸਾਥੀਆਂ ਨੂੰ "ਸ਼ਾਂਤੀ ਨਾਲ ਸੋਚਣ" ਦੀ ਅਪੀਲ ਕਰਦਿਆਂ ਕਿਹਾ ਕਿ ਦੇਸ਼ ਨੂੰ ਇਸ ਵੇਲੇ ਸਥਿਰਤਾ ਦੀ ਲੋੜ ਹੈ।ਦੂਜੇ ਪਾਸੇ ਸਿਹਤ ਮੰਤਰੀ ਵੇਸ ਸਟਰੀਟਿੰਗ, ਜਿਨ੍ਹਾਂ ਨੂੰ ਸੰਭਾਵੀ ਉਤਰਾਧਿਕਾਰੀ ਵਜੋਂ ਦੇਖਿਆ ਜਾ ਰਿਹਾ ਹੈ, ਬੁੱਧਵਾਰ ਸਵੇਰੇ ਸਟਾਰਮਰ ਨਾਲ ਵਿਸ਼ੇਸ਼ ਮੀਟਿੰਗ ਕਰਨਗੇ। ਪਾਰਟੀ ਅੰਦਰ ਚਰਚਾ ਹੈ ਕਿ ਜੇ ਅਗਵਾਈ ਚੋਣ ਹੋਈ ਤਾਂ ਉਹ ਮੁੱਖ ਦਾਅਵੇਦਾਰ ਹੋ ਸਕਦੇ ਹਨ। ਇਸੇ ਦੌਰਾਨ ਸਾਬਕਾ ਉਪ ਪ੍ਰਧਾਨ ਮੰਤਰੀ ਐਂਜਲਾ ਰੇਨਰ ਦੇ ਸਾਥੀਆਂ ਨੇ ਵੀ ਕਿਹਾ ਹੈ ਕਿ ਲੋੜ ਪੈਣ ‘ਤੇ ਉਹ ਵੀ ਅਗਵਾਈ ਦੀ ਦੌੜ ਵਿਚ ਸ਼ਾਮਲ ਹੋ ਸਕਦੀ ਹੈ। ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹਮ ਵੀ ਅੱਜ ਲੰਡਨ ਵਿਚ ਲੇਬਰ ਸੰਸਦ ਮੈਂਬਰਾਂ ਨਾਲ ਮੁਲਾਕਾਤਾਂ ਕਰਦੇ ਨਜ਼ਰ ਆਏ। ਪਾਰਟੀ ਅੰਦਰ ਕਈ ਧੜੇ ਉਨ੍ਹਾਂ ਨੂੰ ਨਵੇਂ ਆਗੂ ਵਜੋਂ ਦੇਖ ਰਹੇ ਹਨ। ਇਸ ਰਾਜਨੀਤਿਕ ਉਥਲ-ਪੁਥਲ ਦੇ ਬਾਵਜੂਦ ਸਟਾਰਮਰ ਨੇ ਆਪਣੀਆਂ ਸਰਕਾਰੀ ਗਤੀਵਿਧੀਆਂ ਜਾਰੀ ਰੱਖੀਆਂ। ਉਹ ਇਕ ਤਕਨੀਕੀ ਕਾਲਜ ਵਿਚ ਤਿਆਰੀ ਕਰ ਰਹੇ ਵਿਦਿਆਰਥੀਆਂ ਨਾਲ ਮਿਲੇ ਅਤੇ ਕਿਹਾ ਕਿ ਉਹ ਸਰਕਾਰ ਚਲਾਉਣ ‘ਤੇ ਧਿਆਨ ਕੇਂਦਰਿਤ ਰੱਖਣਗੇ।

# ਤਿੰਨ ਨਗਰ ਕੌਂਸਲਾਂ ਲਈ ਨਾਮਜ਼ਦਗੀਆਂ ਭਰਨ ਦੀ ਪ੍ਰਕਿਰਿਆ 13 ਮਈ ਤੋਂ ਹੋਵੇਗੀ ਸ਼ੁਰੂ

**ਏ.ਡੀ.ਸੀ.ਨੇ ਨਵਾਂ ਸ਼ਹਿਰ, ਰਾਹੋਂ ਤੇ ਬੰਗਾਂ ਨਗਰ ਕੌਂਸਲਾਂ ਲਈ ਚੋਣ ਸਡਿਊਲ, ਨਾਮਜ਼ਦਗੀ ਪ੍ਰਕਿਰਿਆ ਅਤੇ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਦਿੱਤੀਰੂਪ ਰੇਖਾ**

**ਨਵਾਂ ਸ਼ਹਿਰ, 12 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸਟੇਟ ਚੋਣ ਕਮਿਸ਼ਨ ਪੰਜਾਬ ਦੀਆਂ ਹਦਾਇਤਾਂ ‘’ਤੇ 26 ਮਈ ਨੂੰ ਕਰਵਾਈਆਂ ਜਾ ਰਹੀਆਂ ਨਵਾਂ ਸ਼ਹਿਰ, ਰਾਹੋਂ ਤੇ ਬੰਗਾਂ ਨਗਰ ਕੌਂਸਲਾਂ ਨੂੰ ਸੁਚਾਰੂ ਤੇ ਨਿਰਵਿਘਨ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਤਿਆਰੀਆਂ ਆਰੰਭ ਦਿੱਤੀਆਂ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਨੇ ਦੱਸਿਆ ਕਿ ਨਗਰ ਕੌਂਸਲ ਨਵਾਂ ਸ਼ਹਿਰ ਦੀਆਂ 19, ਨਗਰ ਕੌਂਸਲ ਰਾਹੋਂ ਦੀਆਂ 13 ਵਾਰਾਂ ਅਤੇ ਨਗਰ ਕੌਂਸਲ ਬੰਗਾਂ ਦੀਆਂ 15 ਵਾਰਡਾਂ ਲਈ ਚੋਣਾਂ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਚੋਣਾਂ ਨਿਰਪੱਖ,ਸ਼ਾਂਤਮਈ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਚੋਣ ਸਡਿਊਲ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 13 ਮਈ ਤੋਂ 16 ਮਈ ਤੱਕ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਨਾਮਜ਼ਦ ਰਿਟਰਨਿੰਗ ਅਫ਼ਸਰਾਂ ਪਾਸ ਨਾਮਜ਼ਦਗੀਆਂ ਭਰੀਆਂ ਜਾ ਸਣਗੀਆਂ। ਨਾਮਜ਼ਦਗੀ ਪੇਪਰਾਂ ਦੀ ਪੜਤਾਲ 18 ਮਈ ਨੂੰ ਹੋਵੇਗੀ ਤੇ 19 ਮਈ ਨੂੰ ਉਮੀਦਵਾਰ ਦੁਪਹਿਰ 3 ਵਜੇ ਤੱਕ ਨਾਮਜ਼ਦਗੀਆਂ ਵਾਪਸ ਲੈ ਸਕਣਗੇ। ਉਨ੍ਹਾਂ ਦੱਸਿਆ ਕਿ 26 ਮਈ ਨੂੰ ਵੋਟਾਂ ਸਵੇਰੇ 8 ਤੋਂ



ਸ਼ਾਮ 5 ਵਜੇ ਤੱ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਨਿਰਧਾਰਿਤ ਗਿਣਤੀ ਕੇਂਦਰ ਉੱਤੇ 29 ਮਈ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਸਮੁੱਚੀ ਚੋਣ ਪ੍ਰਕਿਰਿਆ 1 ਜੂਨ 2026 ਨੂੰ ਮੁਕੰਮਲ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਐਸ.ਡੀ.ਐਮ.ਨਵਾਂ ਸ਼ਹਿਰ ਅਮਨਜੋਤ ਕੌਰ ਨੂੰ ਨਵਾਂ ਸ਼ਹਿਰ ਨਗਰ ਕੌਂਸਲ ਲਈ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ ਅਤੇ ਤਹਿਸੀਲਦਾਰ ਗੁਰਮੁੱਖ ਸਿੰਘ ਬਤੌਰ ਸਹਾਇਕ ਰਿਟਰਨਿੰਗ ਅਫ਼ਸਰ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਨਵਾਂ ਸ਼ਹਿਰ ਨਗਰ ਕੌਂਸਲ ਲਈ ਨਾਮਜ਼ਦਗੀਆਂ ਐਸ.ਡੀ.ਐਮ. ਦਫ਼ਤਰ ਨਵਾਂ ਸ਼ਹਿਰ ਵਿਖੇ ਲਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਐਸ.ਡੀ.ਐਮ. ਸੁਨੀਲ ਨੂੰ ਨਗਰ ਕੌਂਸਲ ਰਾਹੋਂ ਲਈ ਰਿਟਰਨਿੰਗ ਅਫ਼ਸਰ ਅਤੇ ਤਹਿਸੀਲਦਾਰਨਵਾਂ ਸ਼ਹਿਰ ਜਸਕਰਨ ਸਿੰਘ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਰਾਹੋਂ ਨਗਰ ਕੌਂਸਲ ਲਈ ਨਾਮਜ਼ਦਗੀਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਲੜਕੀਆਂ),ਰਾਹੋਂ ਵਿਖੇ ਪ੍ਰਾਪਤ ਕੀਤੀਆਂ ਜਾਣਗੀਆਂ।

ਇਸੇ ਤਰ੍ਹਾਂ ਨਗਰ ਕੌਂਸਲ,ਬੰਗਾਂ ਲਈ ਐਸ.ਡੀ.ਐਮ.ਵਿਪਨ ਭੰਡਾਰੀ ਨੂੰ ਰਿਟਰਨਿੰਗ ਅਫ਼ਸਰ ਅਤੇ ਕਾਰਜਕਾਰੀ ਇੰਜੀਨੀਅਰ ਮੰਡੀ ਬੋਡ ਨਵਾਂ ਸ਼ਹਿਰ ਗੌਰਵ ਭੰਡਾਰੀ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਨਗਰ ਕੌਂਸਲ ਬੰਗਾ ਲਈ ਨਾਮਜ਼ਦਗੀਆਂ ਐਸ.ਡੀ.ਐਮ.ਦਫ਼ਤਰ ਬੰਗਾ ਵਿਖੇ ਪ੍ਰਾਪਤ ਕੀਤੀਆਂ ਜਾਣਗੀਆਂ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਬੰਧਿਤ ਨਗਰ ਕੌਂਸਲਾਂ ਵਿੱਚ ਆਦਰਸ਼ ਚੋਣ ਜਾਬਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ ਅਤੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ। ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਨਿਰਧਾਰਿਤ ਐਫੀਡੇਵਿਟ ਅਤੇ ਲੋੜੀਂਦੇ ਦਸਤਾਵੇਜ਼ਾਂ ਨਾਲ ਨਿਸ਼ਚਿਤ ਸਮੇਂ ਅੰਦਰ ਨਾਮਜ਼ਦਗੀਆਂ ਭਰਨ ਨੂੰ ਯਕੀਨੀ ਬਣਾਉਣ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਪੱਲਾ ਛੱਡ, "ਆਮ ਆਦਮੀ ਪਾਰਟੀ" 'ਚ ਭਾਰੀ ਸਮਰੱਥਕਾਂ ਨਾਲ ਹੋਏ ਸਾਮਿਲ "ਚੰਨਾਂ ਸੰਧੂ"



**ਫ਼ਰੀਦਕੋਟ ( ਸ਼ਿਵਨਾਥ)** ਅੱਜ ਆਪਣੀ ਰਿਹਾਇਸ਼ ਦਸਮੇਸ਼ ਨਗਰ ਗਲੀ ਨੰ:- 1 ਫ਼ਰੀਦਕੋਟ ਵਿਖੇ ਆਪਣੇ ਭਾਰੀ ਇਕੱਠ ਕਰਕੇ , ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਪੱਲਾ ਛੱਡ, ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਓਨਾਂ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਓਹ ਤੀਹ ਸਾਲ ਤੋ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਪਾਰਟੀ ਸੇਵਾ ਕੀਤੀ, ਪਰ ਓਨਾਂ ਸੇਵਾ ਦਾ ਮੁੱਲ ਨਹੀ ਪਾਇਆਂ। ਓਨਾਂ ਦੱਸਿਆਂ ਕਿ ਮੈ ਐਮ.ਸੀ ਦੀ 2015 ਚੋਣ ਲੜੀ ਤੇ 718 ਵੋਟਾਂ ਹਾਸਿਲ ਕੀਤੀਆਂ। ਅੱਜ ਹਲਕਾ ਵਿਧਾਇਕ ਸ੍ਰ ਗੁਰਦਿੱਤ ਸਿੰਘ ਸੇਖੋ , ਜਿਲਾ ਪ੍ਰਧਾਨ ਸ ਗੁਰਤੇਜ ਸਿੰਘ ਖੋਸਾ ਤੇ ਸਮਾਜਸੇਵੀ ਰਜਿੰਦਰ ਦਾਸ ਰਿੰਕੂ ਜੀ ਅਤੇ ਐਮ. ਸੀ ਕੰਵਲਜੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਮੁਹੱਲੇ ਦਾ ਕੋਈ ਕੰਮ ਨਹੀ ਰੁਕਣ ਨਹੀ ਦਿੱਤਾ ਜਾਵੇਗਾ। ਮੈ ਆਮ ਆਦਮੀ ਪਾਰਟੀ ਦਾ ਦਿਲੋ ਧੰਨਵਾਦ ਕਰਦਾ ਹਾਂ। ਜਿਨਾਂ ਆਮ ਆਦਮੀ ਪਾਰਟੀ ਤੋ ਟਿਕਟ ਦਿੱਤੀ। ਮੈ ਪਾਰਟੀ ਨੂੰ ਭਾਰੀ ਲੀਡ ਨਾਲ ਜਿੱਤ ਕੇ ਪਾਰਟੀ ਦੀ ਝੋਲੀ ਪਾਵਾਂਗਾ।

# ਸਤਿਗੁਰੂ ਰਵਿਦਾਸ ਸਭਾ ਬੈੱਡਫੋਰਡ ਯੂ,ਕੇ ਵਲੋਂ ਸਾਈਂ ਪੱਪਲ ਸ਼ਾਹ ਭਰੋ ਮਜਾਰਾ ਦਾ ਕੀਤਾ ਵਿਸ਼ੇਸ਼ ਸਨਮਾਨ



**ਬੰਗਾ 12 ਮਈ( ਚਰਨਜੀਤ ਸੱਲ੍ਹਾ )** ਸਤਿਗੁਰੂ ਰਵਿਦਾਸ ਸਭਾ ਬੈੱਡਫੋਰਡ ਇੰਗਲੈਂਡ ਦੇ ਗੁਰੂਘਰ ਵਿਖੇ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੇ ਉਹਨਾਂ ਦੇ ਜੀਵਨ ਤੇ ਵਿਚਾਰਧਾਰਾ ਨੂੰ ਸਮਰਪਿਤ ਧਾਰਮਿਕ ਦੀਵਾਨਾ ਵਿਚ ਭਾਈ ਹਰਬੰਸ ਸਿੰਘ ਖਨੌੜੀ ਤੇ ਭਾਈ ਬਲਵੀਰ ਸਿੰਘ ਰਾਹੋਂ ਵਾਲਿਆਂ ਦੇ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਭਾਰਤ ਪੰਜਾਬ ਤੋਂ ਉਚੇਚੇ ਤੌਰ ਤੇ ਪਹੁੰਚੇ ਸਾਈਂ ਪੱਪਲ ਸ਼ਾਹ ਭਰੋ ਮਜਾਰਾ (ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ) ਵਲੋਂ ਰੂਹਾਨੀ ਸਤਿਸੰਗ ਕਰਕੇ ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਦੇ ਮਿਸ਼ਨ ਪ੍ਰਤੀ ਜਾਗਰੂਕ ਕੀਤਾ ਗਿਆ। ਗੁਰੂ ਘਰ ਦੇ ਪ੍ਰਧਾਨ ਜਸਵਿੰਦਰ ਕੁਮਾਰ ਨਿਗਾਹ ਤੇ ਸਮੂਹ ਪ੍ਰਬੰਧਕਾਂ ਵੱਲੋਂ ਜਥਿਆਂ ਦਾ ਤੇ ਸਾਈਂ ਪੱਪਲ ਸ਼ਾਹ ਭਰੋ ਮਜਾਰਾ ਨੂੰ ਵਿਸ਼ੇਸ਼ ਤੌਰ ਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ ਇਸ ਮੌਕੇ ਹੰਸ ਰਾਜ ਉਪ ਪ੍ਰਧਾਨ, ਪ੍ਰਿਥਵੀਰਾਜ ਜਨਰਲ ਸਕੱਤਰ, ਬਿੰਦਰ ਭਰੋਲੀ, ਖਜਾਨਚੀ ਦਿਲਬਾਗ ਬੰਗੜ,ਨੰਝੂ ਰਾਮ ਪਾਲ, ਮੋਹਨ ਲਾਲ ਟੂਰਾ, ਸਚਦੇਵ ਗੋਲਡੀ,ਪਵਨ ਕੁਮਾਰ, ਰਾਮ ਮੂਰਤੀ, ਪਰਮਜੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ ਤੇ ਸਟੇਜ ਸਕੱਤਰ ਦੀ ਭੂਮਿਕਾ ਪ੍ਰਸਿੱਧ ਗੀਤਕਾਰ ਬਿੰਦਰ ਭਰੋਲੀ ਨੇ ਬਾਖ਼ੂਬੀ ਨਿਭਾਈ ਤੇ ਪ੍ਰਧਾਨ ਜਸਵਿੰਦਰ ਕੁਮਾਰ ਨਿਗਾਹ ਵਲੋਂ ਸਾਰੀ ਸੰਗਤ ਤੇ ਜਥਿਆਂ ਦਾ ਧੰਨਵਾਦ ਕੀਤਾ ਗਿਆ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਅੱਜ ਪਿੰਡ ਸਿਰਸੜੀ ਵਿਖੇ ਕੋਟਕਪੂਰਾ ਦੇ ਸੀਨੀਅਰ ਬਸਪਾ ਆਗੂਆਂ ਦੀ ਮੀਟਿੰਗ ਹੋਈ ਕੋਟਕਪੂਰਾ



**12 ਮਈ ( ਚਰਨਜੀਤ ਸੱਲ੍ਹਾ )** ਅੱਜ ਮਿੱਤੀ 12-5- 20 26 ਨੂੰ ਹਲਕਾ ਕੋਟਕਪੂਰਾ ਦੇ ਪਿੰਡ ਸਿਰਸੜੀ ਦੇ ਵਿੱਚ ਬਹੁਜਨ ਸਮਾਜ ਪਾਰਟੀ ਦੇ ਜਿਲ੍ਹਾ ਪ੍ਰਧਾਨ ਹਰਬੰਸ ਸਿੰਘ ਸੋਨਾ ਬਰਾੜ ਸਾਦਿਕ ਅਤੇ ਉਹਨਾਂ ਦੇ ਨਾਲ ਨਿਰਮਲ ਸਿੰਘ ਸਾਦਿਕ ਜਿਲਾ ਕਨਵੀਨਰ ਫਰੀਦਕੋਟ ਅਤੇ ਸੂਬੇਦਾਰ ਦਰਸ਼ਨ ਸਿੰਘ ਫਰੀਦਕੋਟ ਹਰਜੀਤ ਸਿੰਘ ਫਰੀਦਕੋਟ ਹਲਕਾ ਕੋਟਕਪੂਰਾ ਤੋਂ ਹਲਕਾ ਪ੍ਰਧਾਨ ਤਰਸੇਮ ਸਿੰਘ ਕੋਟਕਪੂਰਾ ਅਤੇ ਉਹਨਾਂ ਦੇ ਨਾਲ ਹਲਕਾ ਜੈਤੋ ਤੋਂ ਪਾਰਟੀ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਬਾਜਾਖਾਨਾ ਅਤੇ ਕੋਟਕਪੂਰਾ ਤੋਂ ਵੀਰ ਸਿੰਘ ਪਾਰਟੀ ਦੇ ਸੀਨੀਅਰ ਵਰਕਰ ਹਾਜ਼ਰ ਸਨ ਪਿੰਡ ਸਰਸਰੀ ਦੇ ਸਰਦਾਰ ਫੂਲਾ ਸਿੰਘ ਨੂੰ ਬਹੁਜਨ ਸਮਾਜ ਪਾਰਟੀ ਦੀ ਵਿਚਾਰਧਾਰਾ ਬਾਰੇ ਦੱਸਿਆ ਗਿਆ ਬੈਠ ਕੇ ਵਿਚਾਰ ਚਰਚਾ ਕੀਤੀ ਗਈ ਅਤੇ ਫੂਲਾ ਸਿੰਘ ਅਤੇ ਉਸਦੇ ਨਾਲ ਦੇ ਹੋਰ ਸਾਥੀ ਪਰਿਵਾਰ ਬਹੁਜਨ ਸਮਾਜ ਪਾਰਟੀ ਦੇ ਵਿੱਚ ਸ਼ਾਮਿਲ ਹੋਏ ਇਸ ਤੋਂ ਉਪਰੰਤ ਸਿਰਸੜੀ ਦੇ ਵਿੱਚ ਹੀ ਨਰੇਗਾ ਮਜ਼ਦੂਰਾਂ ਦੇ ਨਾਲ ਮੀਟਿੰਗ ਕੀਤੀ ਗਈ ਬਹੁਜਨ ਸਮਾਜ ਪਾਰਟੀ ਦੀ ਵਿਚਾਰਧਾਰਾ ਦੇ ਬਾਰੇ ਗੱਲ ਕੀਤੀ ਗਈ ਭਾਰਤੀ ਸੰਵਿਧਾਨ ਦੀ ਹੋਰ ਤੋੜ ਮਰੋੜ ਬਾਰੇ ਵਿਚਾਰ ਕੀਤੀ ਗਈ ਔਰ ਦਲਿਤ ਸਮਾਜ ਦੇ ਆਰਕਸ਼ਣ ਦੇ ਜਿਹੜੇ ਅਧਿਕਾਰ ਆ ਉਹਨਾਂ ਨੂੰ ਇਨਡਾਰੈਕਟ ਢੰਗ ਦੇ ਨਾਲ ਖਤਮ ਕੀਤਾ ਜਾ ਰਿਹਾ ਹੈ ਉਹਦੇ ਬਾਰੇ ਲੋਕਾਂ ਨਾਲ ਗੱਲ ਕੀਤੀ ਔਰ ਨਾਲ ਹੀ ਬਹੁਜਨ ਸਮਾਜ ਪਾਰਟੀ ਦੇ ਵੱਲੋਂ 29 ਮਈ 2026 ਨੂੰ ਹਲਕਾ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਰਾਜ ਦੇ ਵਿੱਚ ਬਹੁਜਨ ਸਮਾਜ ਪਾਰਟੀ ਦੇ ਵੱਲੋਂ ਕਿਸਾਨ ਮਜ਼ਦੂਰ ਸੰਮੇਲਨ ਕਰਵਾਇਆ ਜਾ ਰਿਹਾ ਹੈ ਉਸ ਸੰਮੇਲਨ ਦੇ ਵਿੱਚ ਪਿੰਡ ਸਰਸਰੀ ਦੇ ਨਰੇਗਾ ਮਜ਼ਦੂਰਾਂ ਨੂੰ ਅਤੇ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਨੂੰ ਵੱਧ ਤੋਂ ਵੱਧ ਕਿਸਾਨ ਭਰਾਵਾਂ ਦੇ ਨਾਲ ਇਸ ਸੰਮੇਲਨ ਦੇ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ।

# ਵੱਧਦੀ ਮੰਗਿਆਈ ਵਿਰੁੱਧ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 14 ਮਈ ਨੂੰ ਦਿੱਤਾ ਜਾਵੇਗਾ ਯਾਦ ਪੱਤਰ : ਸਿੰਗੜੀਵਾਲਾ



**ਹੁਸ਼ਿਆਰਪੁਰ 12 ਮਈ ( ਤਰਸੇਮ ਦੀਵਾਨਾ )** ਗੈਸ, ਤੇਲ ਅਤੇ ਖਾਣ ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵੱਧਦਾ ਹੋ ਰਿਹਾ ਹੈ ਜਿਸ ਦੀ ਬਦੌਲਤ ਮਧ ਵਰਗ ਅਤੇ ਗਰੀਬ ਲੋਕਾਂ ਦਾ ਜੀਣਾ ਮੁਸ਼ਕਲ ਭਰਿਆ ਹੋਇਆ ਪਿਆ ਹੈ ਅਰਬ ਮੁਲਕਾਂ ਵਿੱਚ ਚਲਦੀ ਜੰਗ ਦੀ ਆੜ ਵਿੱਚ ਕੇਂਦਰ ਸਰਕਾਰ ਵੱਲੋਂ ਗੈਸ ਤੇਲ ਅਤੇ ਖਾਣ ਪੀਣ ਦੀਆਂ ਵਸਤਾਂ ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ ਜਿਸ ਦੇ ਵਿਰੁੱਧ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ 14 ਮਈ ਨੂੰ ਪੰਜਾਬ ਭਰ ਵਿੱਚ ਜਿਲਾ ਹੈਡ ਕੁਆਰਟਰਾਂ ਤੇ ਦੇਸ਼ ਦੀ ਰਾਸ਼ਟਰਪਤੀ ਦਰੋਪਤੀ ਮੁਰਮੂ ਦੇ ਨਾਮ ਡਿਪਟੀ ਕਮਿਸ਼ਨਰ ਨੂੰ ਯਾਦ ਪੱਤਰ ਦਿੱਤਾ ਜਾਵੇਗਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੁਬਾਰਾ ਕੀਤੀ ਮੰਗਿਆਈ ਵਿਰੁੱਧ ਪਾਰਟੀ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਘਰੇਲੂ ਗੈਸ ਸਲੰਡਰਾਂ ਚ 50 ਰੁਪਏ ਵਾਧਾ ਅਤੇ ਕਮਰਸ਼ੀਅਲ ਗੈਸ ਸਲੰਡਰਾਂ ਵਿੱਚ 954 ਰੁਪਏ ਵਾਧਾ ਕੀਤਾ ਜਿਸ ਦੀ ਬਦੌਲਤ ਮੱਧ ਵਰਗੀ ਅਤੇ ਗਰੀਬ ਲੋਕਾਂ ਨੂੰ ਦੋ ਵਕਤ ਦੀ ਰੋਟੀ ਦਾ ਪ੍ਰਬੰਧ ਕਰਨ ਵਿੱਚ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਵੱਧਦੀ ਮੰਗਿਆਈ ਵਿਰੁੱਧ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਸੈਕਟਰੀਏਟ ਤੱਕ ਮੋਟਰਸਾਈਕਲ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਨੂੰ ਯਾਦ ਪੱਤਰ ਦਿੱਤਾ ਜਾਵੇਗਾ ਇਸ ਸਮੇਂ ਵੱਡੀ ਪੱਧਰ ਤੇ ਪਾਰਟੀ ਵਰਕਰ ਸ਼ਾਮਿਲ ਹੋਣਗੇ।

for more news visit:
www.samajweekly.com

# ਕੋਈ ਵੀ ਯੋਗ ਲਾਭਪਾਤਰੀ ਭਲਾਈ ਸਕੀਮਾਂ ਤੋਂ ਵਾਂਝਾ ਨਾ ਰਹੇ : ਮਲਵਿੰਦਰ ਸਿੰਘ ਕੰਗ

## ਸੰਸਦ ਮੈਂਬਰ ਨੇ ਜ਼ਿਲ੍ਹੇ ਵਿੱਚ ਚੱਲ ਰਹੀਆਂ ਭਲਾਈ ਸਕੀਮਾਂ ਦੀ ਕੀਤੀ ਤਿਮਾਹੀ ਸਮੀਖਿਆ

**ਸ਼ਹੀਦ ਭਗਤ ਸਿੰਘ ਨਗਰ, 12 ਮਈ(ਜਤਿੰਦਰ ਪਾਲ ਸਿੰਘ ਕਲੇਰ )** ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਮੰਗਲਵਾਰ ਨੂੰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਭਲਾਈ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਜ਼ਿਲ੍ਹੇ ਵਿੱਚ ਹਰ ਯੋਗ ਲਾਭਪਾਤਰੀ ਨੂੰ ਬਿਨਾਂ ਕਿਸੇ ਦੇਰੀ ਜਾਂ ਵਿਤਕਰੇ ਦੇ ਇਨ੍ਹਾਂ ਦਾ ਲਾਭ ਮਿਲ ਸਕੇ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਤਿਮਾਹੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੰਸਦ ਮੈਂਬਰ ਨੇ ਜ਼ਿਲ੍ਹੇ ਭਰ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਸਰਵਪੱਖੀ ਵਿਕਾਸ ਅਤੇ ਜ਼ਮੀਨੀ ਪੱਧਰ 'ਤੇ ਜਨਤਕ ਭਲਾਈ ਸੇਵਾਵਾਂ ਦੀ ਸਪਲਾਈ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।



ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਨਾਲ ਮੌਜੂਦ ਸ੍ਰੀ ਕੰਗ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੀਆਂ ਚੱਲ ਰਹੀਆਂ ਸਕੀਮਾਂ ਦੀ ਨਿਯਮਤ ਨਿਗਰਾਨੀ ਕਰਨ ਅਤੇ ਉਨ੍ਹਾਂ ਦੇ ਲਾਗੂ ਕਰਨ ਵਿੱਚ ਪਾਰਦਰਸ਼ਤਾ ਬਰਕਰਾਰ ਰੱਖਣ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਕਿਰਿਆਸ਼ੀਲ ਰਹਿਣਾ ਚਾਹੀਦਾ ਹੈ ਤਾਂ ਜੋ ਹੱਕਦਾਰ ਲਾਭਪਾਤਰੀ ਉਨ੍ਹਾਂ ਲਈ ਮਿੱਥੀਆਂ ਸਹੂਲਤਾਂ ਤੋਂ ਵਾਂਝੇ ਨਾ ਰਹਿਣ।

ਸੰਸਦ ਮੈਂਬਰ ਨੇ ਐਮ.ਪੀ.ਐਲ.ਏ.ਡੀ. ਸਕੀਮ ਤਹਿਤ ਚੱਲ ਰਹੇ ਕਈ ਪ੍ਰੋਜੈਕਟਾਂ ਦਾ ਵੀ ਜਾਇਜ਼ਾ ਲਿਆ ਅਤੇ ਸਬੰਧਤ ਵਿਭਾਗਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਸਾਰੇ ਪ੍ਰੋਜੈਕਟ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦਿੱਤਾ ਕਿ ਪ੍ਰੋਜੈਕਟਾਂ ਦੀ ਸਮੇਂ ਸਿਰ ਮੁਕੰਮਲਤਾ ਜ਼ਰੂਰੀ ਹੈ ਤਾਂ ਜੋ ਲੋਕ ਬਿਨਾਂ ਕਿਸੇ ਅਸੁਵਿਧਾ ਦੇ ਲਾਭ ਲੈ ਸਕਣ।

ਜਵਾਬਦੇਹੀ ਅਤੇ ਵਿਭਾਗਾਂ ਵਿੱਚ ਬਿਹਤਰ ਤਾਲਮੇਲ ਦੀ ਮੰਗ ਕਰਦਿਆਂ ਸੰਸਦ ਮੈਂਬਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਪਹਿਲਾਂ ਮਨਜ਼ੂਰ ਹੋ ਚੁੱਕੇ ਫੰਡਾਂ ਦੇ ਵਰਤੋਂ ਸਰਟੀਫਿਕੇਟ ਜਲਦੀ ਤੋਂ ਜਲਦੀ ਜਮ੍ਹਾ ਕਰਵਾਏ ਜਾਣ ਤਾਂ ਜੋ ਹੋਰ ਵਿਕਾਸ ਕਾਰਜਾਂ ਲਈ ਵਾਧੂ ਗ੍ਰਾਂਟਾਂ ਜਾਰੀ ਕੀਤੀਆਂ ਜਾ ਸਕਣ।

ਮੀਟਿੰਗ ਦੌਰਾਨ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਰਿਹਾਇਸ਼ੀ ਸਹੂਲਤਾਂ, ਪੀਣ ਯੋਗ ਪਾਣੀ ਦੀ ਉਪਲਬਧਤਾ, ਸੈਨੀਟੇਸ਼ਨ ਅਤੇ ਸਫਾਈ ਉਪਾਵਾਂ ਦੇ ਨਾਲ-ਨਾਲ ਜ਼ਿਲ੍ਹੇ ਵਿੱਚ ਹੋਰ ਜਨਤਕ ਭਲਾਈ ਪਹਿਲਕਦਮੀਆਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਗਿਆ।

ਸੰਸਦ ਮੈਂਬਰ ਨੇ ਕਿਹਾ ਕਿ ਜ਼ਿਲ੍ਹੇ ਭਰ ਵਿੱਚ ਭਲਾਈ ਸਕੀਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਅਤੇ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਿਮਾਹੀ ਸਮੀਖਿਆ ਮੀਟਿੰਗਾਂ ਨਿਯਮਤ ਤੌਰ 'ਤੇ ਕਰਵਾਈਆਂ ਜਾ ਰਹੀਆਂ ਹਨ।

# ਸਟਾਰਮਰ 'ਤੇ ਦਬਾਅ ਵਧਿਆ, ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ ਵੀ ਨਵੀਂ ਅਗਵਾਈ ਦੀ ਮੰਗ

**ਲੈਸਟਰ (ਇੰਗਲੈਂਡ), 12 ਮਈ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ 'ਤੇ ਅਸਤੀਫ਼ੇ ਲਈ ਦਬਾਅ ਲਗਾਤਾਰ ਵਧਦਾ ਜਾ ਰਿਹਾ ਹੈ। ਅੱਜ ਹੋਈ ਕੈਬਨਿਟ ਮੀਟਿੰਗ ਦੌਰਾਨ ਸਟਾਰਮਰ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਅਸਤੀਫ਼ਾ ਨਹੀਂ ਦੇਣਗੇ ਅਤੇ ਸਰਕਾਰ ਚਲਾਉਣ 'ਤੇ ਧਿਆਨ ਕੇਂਦਰਿਤ ਰੱਖਣਗੇ। ਉਨ੍ਹਾਂ ਕਿਹਾ ਕਿ ਲੇਬਰ ਪਾਰਟੀ ਵਿਚ ਉਨ੍ਹਾਂ ਦੀ ਅਗਵਾਈ ਖ਼ਿਲਾਫ਼ ਅਜੇ ਤੱਕ ਕੋਈ ਰਸਮੀ ਚੁਣੌਤੀ ਸ਼ੁਰੂ ਨਹੀਂ ਹੋਈ। ਮੀਟਿੰਗ ਤੋਂ ਬਾਅਦ ਕਈ ਮੰਤਰੀਆਂ ਨੇ ਖੁੱਲ੍ਹ ਕੇ ਸਟਾਰਮਰ ਦਾ ਸਮਰਥਨ ਕੀਤਾ। ਕਾਰੋਬਾਰ ਸਕੱਤਰ ਪੀਟਰ ਕਾਇਲ ਨੇ ਕਿਹਾ ਕਿ ਪ੍ਰਧਾਨ ਮੰਤਰੀ "ਮਜ਼ਬੂਤ ਅਗਵਾਈ" ਦੇ ਰਹੇ ਹਨ। ਹਾਊਸਿੰਗ ਸਕੱਤਰ ਸਟੀਵ ਰੀਡ ਅਤੇ ਟੈਕਨੋਲੋਜੀ ਸਕੱਤਰ ਲਿਜ਼ ਕੈਂਡਲ ਨੇ ਵੀ ਉਨ੍ਹਾਂ ਦੇ ਹੱਕ ਵਿਚ ਬਿਆਨ ਦਿੱਤੇ।

ਦੂਜੇ ਪਾਸੇ ਲੇਬਰ ਪਾਰਟੀ ਦੇ ਬਗਾਵਤੀ ਸੰਸਦ ਮੈਂਬਰਾਂ ਦੀ ਗਿਣਤੀ 81 ਤੱਕ ਪਹੁੰਚ ਗਈ ਹੈ। ਸੰਸਦ ਮੈਂਬਰ ਲਿਜ਼ੀ ਕੋਲਿੰਗ ਅਤੇ ਰੇਬੇਕਾ ਲਾਂਗ ਬੇਲੀ ਨੇ ਵੀ ਸਟਾਰਮਰ ਨੂੰ ਹਟਾਉਣ ਜਾਂ ਨਵੇਂ ਨੇਤਾ ਦੀ ਚੋਣ ਲਈ ਸਮਾਂ-ਸੀਮਾ ਤੈਅ ਕਰਨ ਦੀ ਮੰਗ ਕੀਤੀ ਹੈ। ਇਸੇ ਦੌਰਾਨ ਸਿਹਤ ਸਕੱਤਰ ਵੇਸ ਸਟਰੀਟਿੰਗ ਉੱਤੇ ਸਭ ਦੀਆਂ ਨਜ਼ਰਾਂ ਟਿਕੀਆਂ ਰਹੀਆਂ। ਕੈਬਨਿਟ ਮੀਟਿੰਗ ਤੋਂ ਬਾਅਦ ਉਹ ਬਿਨਾਂ ਕੋਈ ਟਿੱਪਣੀ ਕੀਤੇ ਰਵਾਨਾ ਹੋ ਗਏ, ਜਿਸ ਨਾਲ ਉਨ੍ਹਾਂ ਵੱਲੋਂ ਸੰਭਾਵੀ ਅਗਵਾਈ ਚੁਣੌਤੀ ਬਾਰੇ ਅਟਕਲਾਂ ਹੋਰ ਤੇਜ਼ ਹੋ ਗਈਆਂ ਹਨ। ਇਸੇ ਮਾਹੌਲ ਵਿਚ ਸਿੱਖ ਫੈਡਰੇਸ਼ਨ ਯੂ.ਕੇ. ਨੇ ਵੀ ਲੇਬਰ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਖੁੱਲ੍ਹਾ ਪੱਤਰ ਲਿਖ ਕੇ ਨਵੀਂ ਅਗਵਾਈ ਲਈ ਹਕੀਕਤੀ ਸਮਾਂ-ਸੀਮਾ ਤੈਅ ਕਰਨ ਦੀ ਮੰਗ ਕੀਤੀ ਹੈ। ਫੈਡਰੇਸ਼ਨ ਨੇ ਦੋਸ਼ ਲਾਇਆ ਕਿ ਸਟਾਰਮਰ ਸਰਕਾਰ ਸਿੱਖ ਭਾਈਚਾਰੇ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਹੈ। ਫੈਡਰੇਸ਼ਨ ਨੇ 1984 ਦੌਰਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਵਿਚ ਬ੍ਰਿਟਿਸ਼ ਸਰਕਾਰ ਦੀ ਭੂਮਿਕਾ ਸਬੰਧੀ ਜਨਤਕ ਜਾਂਚ ਦੀ ਮੰਗ ਦੁਹਰਾਈ ਹੈ। ਪੱਤਰ ਵਿਚ ਕਿਹਾ ਗਿਆ ਕਿ 200 ਤੋਂ ਵੱਧ ਸੰਸਦ ਮੈਂਬਰ ਇਸ ਜਾਂਚ ਦੇ ਹੱਕ ਵਿਚ ਹਨ, ਪਰ ਸਰਕਾਰ ਬਣਨ ਤੋਂ ਬਾਅਦ ਕੋਈ ਤਰੱਕੀ ਨਹੀਂ ਹੋਈ। ਪੱਤਰ ਵਿਚ ਸਕਾਟਲੈਂਡ ਨਾਲ ਸਬੰਧਤ ਸਿੱਖ ਨੌਜਵਾਨ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮਾਮਲਾ ਵੀ ਉਠਾਇਆ ਗਿਆ ਹੈ। ਫੈਡਰੇਸ਼ਨ ਨੇ ਦੋਸ਼ ਲਾਇਆ ਕਿ ਬ੍ਰਿਟਿਸ਼ ਸਰਕਾਰ ਵੱਲੋਂ ਜਗਤਾਰ ਸਿੰਘ ਜੌਹਲ ਦੀ ਰਿਹਾਈ ਲਈ ਢੁੱਕਵੇਂ ਯਤਨ ਨਹੀਂ ਕੀਤੇ ਗਏ। ਇਸ ਤੋਂ ਇਲਾਵਾ ਸਿੱਖ ਕਾਰਕੁਨਾਂ ਖ਼ਿਲਾਫ਼ ਕਥਿਤ ਸਰਹੱਦ ਪਾਰ ਦਬਾਅ ਅਤੇ ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਦੀ ਸੁਤੰਤਰ ਜਾਂਚ ਦੀ ਮੰਗ ਵੀ ਕੀਤੀ ਗਈ ਹੈ। ਫੈਡਰੇਸ਼ਨ ਨੇ ਇਹ ਵੀ ਕਿਹਾ ਕਿ ਹਾਲੀਆ ਸਥਾਨਕ ਚੋਣਾਂ ਦੌਰਾਨ ਕਈ ਖੇਤਰਾਂ ਵਿਚ ਸਿੱਖ ਵੋਟਰਾਂ ਨੇ ਲੇਬਰ ਪਾਰਟੀ ਤੋਂ ਦੂਰੀ ਬਣਾਈ। ਸੰਗਠਨ ਨੇ ਐਂਡੀ ਬਰਨਹੈਮ ਨੂੰ ਸੰਭਾਵੀ ਨਵੇਂ ਲੇਬਰ ਆਗੂ ਵਜੋਂ ਦਰਸਾਉਂਦਿਆਂ ਕਿਹਾ ਕਿ ਉਹ ਲੋਕਾਂ ਅਤੇ ਪਾਰਟੀ ਮੈਂਬਰਾਂ ਵਿਚ ਕਾਫ਼ੀ ਲੋਕਪ੍ਰਿਯ ਹਨ। ਉਧਰ ਬ੍ਰਿਟੇਨ ਦੇ ਵਿੱਤੀ ਬਾਜ਼ਾਰਾਂ ਵਿਚ ਵੀ ਚਿੰਤਾ ਵਧ ਗਈ ਹੈ। ਸਰਕਾਰੀ ਕਰਜ਼ੇ 'ਤੇ ਵਿਆਜ ਦਰਾਂ 2008 ਦੀ ਮੰਦੀ ਤੋਂ ਬਾਅਦ ਦੇ ਸਭ ਤੋਂ ਉੱਚੇ ਪੱਧਰ ਦੇ ਨੇੜੇ ਪਹੁੰਚ ਗਈਆਂ ਹਨ, ਜਿਸ ਦਾ ਕਾਰਨ ਰਾਜਨੀਤਿਕ ਅਨਿਸ਼ਚਿਤਤਾ ਨੂੰ ਮੰਨਿਆ ਜਾ ਰਿਹਾ ਹੈ।

# ਦੱਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

**ਰਾਏਕੋਟ ਗੁਰਭਿੰਦਰ ਗੁਰੀ** ਰਾਏਕੋਟ ਇਲਾਕੇ ਦੀ *ਸਿਰਮੌਰ ਤੇ ਸਿਰਕੱਢਵੀਂ ਵਿਦਿਅਕ ਸੰਸਥਾ ਐਸ. ਜੀ. ਸੀਨੀਅਰ ਸੈਕੰਡਰੀ ਸਕੂਲ ਗੋਂਦਵਾਲ* (ਰਾਏਕੋਟ) ਵਿਖੇ ਪੰਜਾਬ ਬੋਰਡ ਵੱਲੋਂ ਐਲਾਨੇ ਦੱਸਵੀਂ ਕਲਾਸ (ਸ਼ੈਸ਼ਨ-2025-26) ਦਾ ਨਤੀਜੇ 100% ਰਿਹਾ। ਜਿਸ ਬਾਰੇ ਜਾਣਕਾਰੀ ਦਿੰਦੇ ਸਕੂਲ ਪ੍ਰਿੰਸੀਪਲ ਡਾ. ਮਨਦੀਪ ਸਿੰਘ ਚਾਹਲ ਨੇ ਦੱਸਿਆ ਕਿ ਦੱਸਵੀਂ ਜਮਾਤ ਦੀ ਵਿਦਿਆਰਥਣ ਜਸਦੀਪ ਕੌਰ ਸਪੁੱਤਰੀ ਜਸਪਾਲ ਸਿੰਘ ਨੇ 613/650 (94%) ਅੰਕ ਪ੍ਰਾਪਤ ਕਰਕੇ ਸਕੂਲ ਵਿਚੋ ਪਹਿਲਾ, ਨੰਦਨੀ ਰੇਖੀ ਸਪੁੱਤਰੀ ਵਰਿੰਦਰ ਕੁਮਾਰ ਨੇ 606/650 (93.2%) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਇਸ਼ਮੀਤ ਕੌਰ ਸਪੁੱਤਰੀ ਅੰਮ੍ਰਿਤਪਾਲ ਸਿੰਘ 598/650 (92%) ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਇਸ ਤੋਂ ਇਲਾਵਾ ਸਕੂਲ ਦੇ ਬਾਕੀ ਵਿਦਿਆਰਥੀਆ ਨੇ ਵਧੀਆਂ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਬੱਚਿਆ ਅਤੇ ਸਟਾਫ ਮਿਹਤਨ ਸਦਕਾ ਇਹ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਡਾ. ਮਨਦੀਪ ਸਿੰਘ ਚਾਹਲ, ਵਾਇਸ ਪਿੰਸੀਪਲ ਸੁਨੀਲ ਸ਼ਰਮਾ ਅਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰੀ ਸ਼ਤੀਸ਼ ਅਗਰਵਾਲ ਜੀ, ਰਾਜ ਕੁਮਾਰ



ਜੀ (ਰਾਜੂ), ਨੀਰਜ ਗੁਪਤਾ ਜੀ ਅਤੇ ਅਧਿਆਪਕ ਸਾ-ਹਬਾਨ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਇਮਾਨਦਾਰੀ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਅਤੇ ਜੀਵਨ ਵਿੱਚ ਹੋਰ ਉਚੀਆ ਮੰਜਿਲਾ ਛੂਹਣ ਲਈ ਪ੍ਰੇਰਿਆਂ। ਵਿਦਿਆਰਥੀਆ ਨੂੰ ਅਗਾਮੀ ਜਾਮਤਾਂ ਵਿੱਚ ਹੋਰ ਵਧੀਆਂ ਅੰਕ ਪ੍ਰਾਪਤ ਕਰਨ ਲਈ ਉਤਸਾਹਿਤ ਕੀਤਾ। ਉਹਨਾਂ ਮਾਪਿਆ ਅਤੇ ਵਿਦਿਆਰਥੀਆਂ ਉਨ੍ਹਾਂ ਦੀ ਉਪਲਬਧੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆ ਨੂੰ ਸਕੂਲ ਵਲੋਂ ਸਨਮਾਨਿਤ ਕੀਤਾ ਗਿਆ।

# ਬਲਾਕ ਸੰਮਤੀ ਰਾਏਕੋਟ ਦੇ ਚੁਣੇ ਗਏ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਤਾਜਪੋਸ਼ੀ ਅੱਜ ਸਥਾਨਕ ਬਲਾਕ ਦਫਤਰ ਵਿਖੇ ਕਰਵਾਈ ਗਈ

**ਰਾਏਕੋਟ ਗੁਰਭਿੰਦਰ ਗੁਰੀ** ਬਲਾਕ ਸੰਮਤੀ ਰਾਏਕੋਟ ਦੇ ਚੁਣੇ ਗਏ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਤਾਜਪੋਸ਼ੀ ਅੱਜ ਸਥਾਨਕ ਬਲਾਕ ਦਫਤਰ ਵਿਖੇ ਕਰਵਾਈ ਗਈ। ਇਸ ਮੌਕੇ ਕਰਵਾਏ ਗਏ ਇੱਕ ਸਮਾਗਮ ਵਿੱਚ ਲੋਕਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਅਤੇ ਕਾਂਗਰਸ ਦੇ ਹਲਕਾ ਰਾਏਕੋਟ ਦੇ ਇੰਚਾਰਜ ਕਾਮਿਲ ਅਮਰ ਸਿੰਘ ਚੇਅਰਮੈਨ ਰਸ਼ਪਾਲ ਸਿੰਘ ਸੀਲ੍ਹੋਆਣੀ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਦੀਪ ਕੌਰ ਨੂੰ ਚਾਰਜ ਸੰਭਾਲਣ ਲਈ ਉਚੇਚੇ ਤੌਰ ਤੇ ਮੌਜੂਦ ਰਹੇ। ਉਹਨਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਵੀ ਹਾਜ਼ਰ ਸਨ। ਜਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਹੋਈਆ ਬਲਾਕ ਸੰਮਤੀ ਚੋਣਾਂ ਵਿੱਚ ਕਾਂਗਰਸ ਨੇ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਦੀ ਅਗਵਾਈ ਹੇਠ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕੁੱਲ 25 ਸੰਮਤੀਆਂ ਵਿੱਚੋਂ 18 ਤੇ ਜਿੱਤ ਪ੍ਰਾਪਤ ਕੀਤੀ ਸੀ ਅਤੇ ਉਸ ਨੂੰ ਇਕ ਆਜ਼ਾਦ ਉਮੀਦਵਾਰ ਦਾ ਵੀ ਸਮਰਥਨ ਪ੍ਰਾਪਤ ਸੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਨੇ ਚੁਣੇ ਗਏ ਬਲਾਕ ਸੰਮਤੀ ਦੇ ਚੇਅਰਮੈਨ ਅਤੇ ਵਾਈਸ ਚੇਅਰਪਰਸਨ ਨੂੰ ਮੁਬ-ਾਰਕਬਾਦ ਦਿੰਦੇ ਹੋਏ ਕਿਹਾ ਕਿ ਇਹ ਜਿੱਤ ਕਾਂਗਰਸ ਲਈ ਬਹੁਤ ਹੀ ਖਾਸ ਹੈ ਕਿਉਂਕਿ ਕਾਂਗਰਸ ਨੇ ਵਿਰੋਧੀ ਧਿਰ ਵਿੱਚ ਹੁੰਦੇ ਹੋਏ ਵੀ ਬਲਾਕ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਉਹਨਾਂ ਕਿਹਾ ਕਿ ਇਹ ਜਿੱਤ ਕਾਂਗਰਸ ਵੱਲੋਂ ਪਿਛਲੇ ਸਮੇਂ ਦੌਰਾਨ ਕਰਵਾਏ ਗਏ ਵਿਕਾਸ ਨੂੰ ਆਮ ਜਨਤਾ ਦਾ ਫਤਵਾ ਹੈ। ਉਹਨਾਂ ਕਿਹਾ ਕਿ



ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਵੀ ਕਾਂਗਰਸ ਜਿੱਤ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰੱਖਦੇ ਹੋਏ 15 ਦੇ 15 ਵਾਰਡਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕਰੇਗੀ। ਇਸ ਮੌਕੇ ਕਾਮਿਲ ਅਮਰ ਸਿੰਘ ਨੇ ਵੀ ਚੇਅਰਮੈਨ ਰਸ਼ਪਾਲ ਸਿੰਘ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਦੀਪ ਕੌਰ ਨੂੰ ਅਹੁਦਾ ਸੰਭਾਲਣ ਤੇ ਮੁਬਾਰਕਬਾਦ ਦਿੱਤੀ ਅਤੇ ਲੋਕ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਅਹੁਦਾ ਸੰਭਾਲਣ ਉਪਰੰਤ ਚੇਅਰਮੈਨ ਰਸ਼ਪਾਲ ਸਿੰਘ ਸੀਲੋਆਣੀ ਅਤੇ ਵਾਈਸ ਚੇਅਰਮੈਨ ਸ਼੍ਰੀਮਤੀ ਸੰਦੀਪ ਕੌਰ ਨੇ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਕਾਮਿਲ ਅਮਰ ਸਿੰਘ ਅਤੇ ਕਾਂਗਰਸ ਪਾਰਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਪੂਰਾ ਕਰਨਗੇ ਅਤੇ ਹਲਕੇ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਇਸ ਮੌਕੇ ਬਲਾਕ ਸੰਮਤੀ ਮੈਂਬਰ ਜਗਦੇਵ ਸਿੰਘ ਜੋਨ ਅਕਾਲਗੜ੍ਹ ਕਲਾਂ, ਪ੍ਰਦੀਪ ਸਿੰਘ ਜੋਨ ਬੁਰਜ ਹਰੀ ਸਿੰਘ, ਕਿਰਨਜੀਤ ਕੌਰ ਜੋਨ ਹਲਵਾਰਾ, ਵਰਿੰਦਰਪਾਲ ਕੌਰ ਜੋਨ ਗੋਂਦਵਾਲ, ਕੁਲਦੀਪ ਸਿੰਘ ਜੋਨ ਲੋਹਟਬੱਦੀ, ਪ੍ਰਿਤਪਾਲ ਕੌਰ ਜੋਨ ਜਲਾਲਦੀਵਾਲ, ਮੱਘਰ ਸਿੰਘ ਜੋਨ ਨੱਥੋਵਾਲ, ਸਿਮਰਨਜੀਤ ਕੌਰ ਜੋਨ ਝੋਰੜਾਂ, ਆਜ਼ਾਦ ਉਮੀਦਵਾਰ ਹਰਜੀਤ ਸਿੰਘ ਜੋਨ ਕਲਸੀਆਂ, ਹਰਜੀਤ ਕੌਰ ਜੋਨ ਤਲਵੰਡੀ ਰਾਏ, ਕੁਲਵਿੰਦਰ ਕੌਰ ਜੋਨ ਟੂਸਾ , ਚਰਨਜੀਤ ਕੌਰ ਜੋਨ ਆਂਡਲੂ, ਜਸਪ੍ਰੀਤ ਕੌਰ ਜੋਨ ਬੜੂੰਦੀ, ਮਨਪ੍ਰੀਤ ਕੌਰ ਜੋਨ ਬੋਪਾਰਾਏ ਖੁਰਦ, ਜਸਵੀਰ ਸਿੰਘ ਉੱਪਲ ਜੋਨ ਬੱਸੀਆਂ, ਰਛਪਾਲ ਸਿੰਘ ਜੋਨ ਬਿੰਜਲ , ਗੁਲਵੰਤ ਸਿੰਘ ਜੋਨ ਤਾਜਪੁਰ, ਤਿੰਨੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਤਵੰਤ ਸਿੰਘ ਸੁਧਾਰ, ਸੁਖਭਿੰਦਰ ਸਿੰਘ ਨਿੱਕਾ ਝੋਰੜਾਂ, ਰਾਜਵਿੰਦਰ ਕੌਰ ਬਰਾੜ ਤੋਂ ਇਲਾਵਾ ਸਰਪੰਚ ਸੁਖਵਿੰਦਰ ਸਿੰਘ , ਸਰਪੰਚ ਹਰਵਿੰਦਰ ਸਿੰਘ ਰਾਜਾ ਬਰਾੜ ਆਂਡਲੂ, ਸਾਬਕਾ ਸਰਪੰਚ ਜਸਪ੍ਰੀਤ ਸਿੰਘ ਤਲਵੰਡੀ ਰਾਏ, ਬਲਾਕ ਕਾਂਗਰਸ ਪ੍ਰਧਾਨ ਹਰਪ੍ਰੀਤ ਸਿੰਘ ਬੋਪਾਰਾਏ ਖੁਰਦ, ਰਵਿੰਦਰ ਸਿੰਘ ਅੱਬੂਵਾਲ ਪ੍ਰਧਾਨ ਬਲਾਕ ਸੁਧਾਰ, ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਸਾਬਕਾ ਚੇਅਰਮੈਨ ਅਵਤਾਰ ਸਿੰਘ ਬੁਰਜ, ਮਾਸਟਰ ਜਸਵੀਰ ਸਿੰਘ ਅਕਾਲਗੜ੍ਹ ਕਲਾਂ, ਸਰਪੰਚ ਮੇਜਰ ਸਿੰਘ ਧੂਰਕੋਟ, ਸਾਬਕਾ ਸਰਪੰਚ ਸ਼੍ਰੀਮਤੀ ਭੁਪਿੰਦਰ ਕੌਰ, ਕਮਲਜੀਤ ਕੌਰ ਹਿੱਸੋਵਾਲ ਸਾਬਕਾ ਜਿਲ੍ਹਾਂ ਪ੍ਰੀਸ਼ਦ ਮੈਂਬਰ, ਸਬੀਨਾ ਬੇਗਮ, ਸਿਮਰਤ ਕੌਰ, ਸਰਪੰਚ ਜਸਵਿੰਦਰ ਕੌਰ ਰਾਜੋਆਣਾ ਕਲਾਂ, ਹਰਚੰਦ ਸਿੰਘ ਸੁਖਾਣਾ, ਗੁਰਜੀਤ ਸਿੰਘ ਨੱਤ, ਬਲਜੀਤ ਸਿੰਘ ਹਲਵਾਰਾ, ਓ ਐਸ ਡੀ ਪ੍ਰਭਦੀਪ ਸਿੰਘ ਨਾਰੰਗਵਾਲ, ਨਰਾਇਣ ਦੱਤ ਕੌਸ਼ਿਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਿਰ ਸਨ।

# ਇੰਗਲਿਸ਼ ਚੈਨਲ ਰਾਹੀਂ ਗ਼ੈਰਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਬ੍ਰਿਟੇਨ ਭੇਜਣ ਵਾਲੇ ਵੱਡੇ ਗਿਰੋਹ ਦਾ ਪਰਦਾਫਾਸ਼

**ਲੈਸਟਰ (ਇੰਗਲੈਂਡ), 12 ਮਈ (ਸੁਖਜਿੰਦਰ ਸਿੰਘ ਢੱਡੇ)**-ਬ੍ਰਿਸ ਮੀਡੀਏ ਬੀ.ਬੀ.ਸੀ ਦੀ ਇੱਕ ਖ਼ਾਸ ਜਾਂਚ ਦੌਰਾਨ ਇੰਗਲਿਸ਼ ਚੈਨਲ ਰਾਹੀਂ ਗ਼ੈਰਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਬ੍ਰਿਟੇਨ ਭੇਜਣ ਵਾਲੇ ਇੱਕ ਵੱਡੇ ਮਨੁੱਖੀ ਤਸਕਰੀ ਗਿਰੋਹ ਦੇ ਮੁੱਖ ਸਰਗਣਾ ਦੀ ਪਹਿਚਾਣ ਸਾਹਮਣੇ ਆਈ ਹੈ। ਜਾਂਚ ਅਨੁਸਾਰ "ਕਾਰਡੋ ਰਾਨਿਆ" ਦੇ ਨਾਂਅ ਨਾਲ ਜਾਣਿਆ ਜਾਣ ਵਾਲਾ 28 ਸਾਲਾ ਇਰਾਕੀ ਕੁਰਦ ਕਈ ਸਾਲਾਂ ਤੋਂ ਪੁਲਿਸ ਅਤੇ ਅੰਤਰਰਾਸ਼ਟਰੀ ਜਾਂਚ ਏਜੰਸੀਆਂ ਤੋਂ ਬਚਦਾ ਆ ਰਿਹਾ ਸੀ।

ਬੀ.ਬੀ.ਸੀ. ਦੀ ਜਾਂਚ ਵਿਚ ਉਸ ਦਾ ਅਸਲੀ ਨਾਂਅ "ਕਾਰਡੋ ਮੁਹੰਮਦ ਅਮੀਨ ਜਾਫ" ਦੱਸਿਆ ਗਿਆ ਹੈ। ਉਹ ਇਰਾਕੀ ਕੁਰਦਿਸਤਾਨ ਦੇ ਰਾਨਿਆ ਖੇਤਰ ਨਾਲ ਸਬੰਧਤ ਹੈ ਅਤੇ ਉਸ ਦੇ ਗਿਰੋਹ 'ਤੇ ਅਫ਼ਗਾਨਿਸਤਾਨ ਤੋਂ ਲੈ ਕੇ ਬ੍ਰਿਟੇਨ ਤੱਕ ਗ਼ੈਰਕਾਨੂੰਨੀ ਰਸਤੇ ਰਾਹੀਂ ਲੋਕਾਂ ਨੂੰ ਪਹੁੰਚਾਉਣ ਦੇ ਦੋਸ਼ ਹਨ। ਬ੍ਰਿਟੇਨ ਦੀ ਕੌਮੀ ਅਪਰਾਧ ਏਜੰਸੀ ਦੇ ਅਧਿਕਾਰੀਆਂ ਅਨੁਸਾਰ ਇੰਗਲਿਸ਼ ਚੈਨਲ ਰਾਹੀਂ ਹੋਣ ਵਾਲੀਆਂ ਛੋਟੀਆਂ ਕਿਸ਼ਤੀਆਂ ਦੀਆਂ ਜ਼ਿਆਦਾਤਰ ਯਾਤਰਾਵਾਂ ਕੁਰਦ ਤਸਕਰ ਗਿਰੋਹਾਂ ਦੇ ਕਬਜ਼ੇ ਹੇਠ ਹਨ। ਜਾਂਚ ਦੌਰਾਨ ਫਰਾਂਸ ਦੇ ਪ੍ਰਵਾਸੀ ਕੈਂਪਾਂ ਤੋਂ ਲੈ ਕੇ ਇਰਾਕੀ ਕੁਰਦਿਸਤਾਨ ਤੱਕ ਕਈ ਸਰੋਤਾਂ ਨਾਲ ਗੱਲਬਾਤ ਕਰਕੇ ਇਸ ਗਿਰੋਹ ਦੇ ਕੰਮ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ। ਰਿਪੋਰਟ ਵਿਚ ਦੱਸਿਆ ਗਿਆ ਕਿ ਇਹ ਗਿਰੋਹ ਇੱਕ ਵਿਅਕਤੀ ਨੂੰ ਇਰਾਕ ਤੋਂ ਬ੍ਰਿਟੇਨ ਪਹੁੰਚਾਉਣ ਲਈ ਲਗਭਗ 17 ਹਜ਼ਾਰ ਯੂਰੋ ਤੱਕ ਵਸੂਲਦਾ ਸੀ। ਗਿਰੋਹ ਆਪਣੇ ਆਪ ਨੂੰ "ਸੁਰੱਖਿਅਤ ਯਾਤਰਾ" ਦੇਣ ਵਾਲਾ ਦੱਸਦਾ ਸੀ ਅਤੇ ਵੱਡੀ ਰਕਮ ਦੇਣ ਵਾਲਿਆਂ ਲਈ ਖ਼ਾਸ ਸਹੂਲਤਾਂ ਦੀ ਪੇਸ਼ਕਸ਼ ਕਰਦਾ ਸੀ। ਜਾਂਚ ਦੌਰਾਨ ਰਾਨਿਆ ਸ਼ਹਿਰ ਦੇ 24 ਸਾਲਾ ਨੌਜਵਾਨ ਸ਼ਵਾਨਾ ਦਾ ਮਾਮਲਾ ਵੀ ਸਾਹਮਣੇ ਆਇਆ, ਜੋ ਪਿਛਲੇ ਸਾਲ ਫਰਾਂਸ ਤੋਂ ਬ੍ਰਿਟੇਨ ਆਉਂਦੇ ਸਮੇਂ ਕਿਸ਼ਤੀ ਡੁੱਬਣ ਕਾਰਨ ਲਾਪਤਾ ਹੋ ਗਿਆ ਸੀ। ਉਸ ਦੇ ਪਰਿਵਾਰ ਨੇ ਦੱਸਿਆ ਕਿ ਬ੍ਰਿਟੇਨ ਵਿਚ ਚੰਗੀ ਜ਼ਿੰਦਗੀ ਦੇ ਸੁਪਨੇ ਦਿਖਾਉਣ ਵਾਲੀਆਂ ਸਮਾਜਿਕ ਮੀਡੀਆ ਵਿਗਿਆਪਨਾਂ ਨੇ ਉਸ ਨੂੰ ਇਹ ਖ਼ਤਰਨਾਕ ਯਾਤਰਾ ਕਰਨ ਲਈ ਪ੍ਰੇਰਿਆ ਸੀ। ਬੀ.ਬੀ.ਸੀ. ਦੀ ਟੀਮ ਨੇ ਇੱਕ ਮੋਬਾਈਲ ਨੰਬਰ ਰਾਹੀਂ ਕਾਰਡੋ ਜਾਫ ਨਾਲ ਸੰਪਰਕ ਵੀ ਕੀਤਾ। ਉਸ ਨੇ ਆਪਣੇ ਉੱਤੇ ਲੱਗੇ ਮਨੁੱਖੀ ਤਸਕਰੀ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਸਿਰਫ਼ ਲੋਕਾਂ ਨੂੰ ਇਰਾਕ ਤੋਂ ਬਾਹਰ ਜਾਣ ਬਾਰੇ ਸਲਾਹ ਦਿੰਦਾ ਸੀ। ਹਾਲਾਂਕਿ ਜਾਂਚ ਏਜੰਸੀਆਂ ਦਾ ਮੰਨਣਾ ਹੈ ਕਿ ਉਹ ਕਈ ਸਾਲਾਂ ਤੋਂ ਯੂਰਪ ਅਤੇ ਬ੍ਰਿਟੇਨ ਵਿਚ ਗ਼ੈਰਕਾਨੂੰਨੀ ਪ੍ਰਵਾਸੀ ਜਾਲ ਚਲਾ ਰਿਹਾ ਸੀ।

ਇਸ ਮਾਮਲੇ ਵਿਚ ਉਸ ਦੇ ਇੱਕ ਸਾਥੀ ਨੂੰ ਫਰਾਂਸ ਦੀ ਅਦਾਲਤ ਵੱਲੋਂ 10 ਸਾਲ ਕੈਦ ਦੀ ਸਜ਼ਾ ਵੀ ਸੁਣਾਈ ਗਈ ਹੈ। ਬੀ.ਬੀ.ਸੀ. ਦੀ ਜਾਂਚ ਤੋਂ ਬਾਅਦ ਕਾਰਡੋ ਜਾਫ ਦੀ ਪਹਿਚਾਣ ਸਾਹਮਣੇ ਆਉਣ ਨਾਲ ਯੂਰਪੀ ਜਾਂਚ ਏਜੰਸੀਆਂ ਲਈ ਉਸ ਦੀ ਭਾਲ ਆਸਾਨ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਫਰੀਦਕੋਟ ਦੇ ਨੌਜਵਾਨਾਂ ਦੀ ਮੌਤ ਦਾ ਇਨਸਾਫ਼ ਮੰਗ ਰਹੀ ਭਾਕਿਯੂ ਏਕਤਾ ਸਿੱਧੂਪੁਰ

## ਤਪਦੀ ਧੁੱਪ 'ਚ ਸੜਕ 'ਤੇ ਰਾਤ-ਦਿਨ ਦਾ ਪੱਕਾ ਮੋਰਚਾ ਦੋ ਦਿਨਾਂ ਤੋਂ ਜਾਰੀ

**ਅੰਮ੍ਰਿਤਸਰ, 12 ਮਈ ( ਲਖਵਿੰਦਰ ਸਿੰਘ ਗਿੱਲ )**-ਪੰਜਾਬ ਦੀ ਮਾਨ ਸਰਕਾਰ ਦੇ 'ਰੰਗਲੇ ਪੰਜਾਬ' ਦੇ ਦਾਅਵਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ। ਫਰੀਦਕੋਟ ਦੇ ਪਿੰਡ ਹਰੀਨੌ ਦੇ ਦੋ ਨੌਜਵਾਨ ਕਿਸਾਨਾਂ ਵੱਲੋਂ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੀ ਕਥਿਤ ਗੁੰਡਾਗਰਦੀ ਅਤੇ ਧੱਕੇਸ਼ਾਹੀ ਤੋਂ ਤੰਗ ਆ ਕੇ ਕੀਤੀ ਆਤਮਹੱਤਿਆ ਦੇ ਮਾਮਲੇ ਨੇ ਹੁਣ ਤੂਲ ਫੜ ਲਿਆ ਹੈ। ਇਸ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਵੱਲੋਂ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਖੇ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਰਾਤ-ਦਿਨ ਦਾ ਪੱਕਾ ਮੋਰਚਾ ਲਗਾ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿੱਥੇ ਇੱਕ ਪਾਸੇ ਕਿਸਾਨ ਆਪਣੇ ਸਾਥੀਆਂ ਦੀਆਂ ਜਾਨਾਂ ਜਾਣ ਦਾ ਦੁੱਖ ਮਨਾ ਰਹੇ ਹਨ, ਉੱਥੇ ਹੀ ਅੰਮ੍ਰਿਤਸਰ ਪੁਲਿਸ ਦਾ ਵਤੀਰਾ ਬੇਹੱਦ ਅੜੀਅਲ ਅਤੇ ਗੈਰ-ਮਨੁੱਖੀ ਰਿਹਾ ਹੈ। ਜਥੇਬੰਦੀ ਬੈਂਕ ਦੇ ਬਿਲਕੁਲ ਅੱਗੇ ਸ਼ਾਂਤਮਈ ਧਰਨਾ ਦੇਣਾ ਚਾਹੁੰਦੀ ਸੀ, ਪਰ ਪੁਲਿਸ ਨੇ ਜਬਰੀ ਕਿਸਾਨਾਂ ਨੂੰ ਸੜਕ ਦੇ ਵਿਚਕਾਰ ਧਰਨਾ ਲਗਾਉਣ ਲਈ



ਮਜਬੂਰ ਕਰ ਦਿੱਤਾ। ਹੱਦ ਤਾਂ ਉਦੋਂ ਹੋ ਗਈ ਜਦੋਂ ਪੁਲਿਸ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਸੜਕ 'ਤੇ ਤੰਬੂ (ਟੈਂਟ) ਲਗਾਉਣ ਤੋਂ ਵੀ ਰੋਕ ਦਿੱਤਾ। ਪ੍ਰਧਾਨ ਕਰਮਜੀਤ ਨੰਗਲੀ ਨੇ ਕਿਹਾ ਕਿ "ਪੰਜਾਬ ਦੀ ਪੁਲਿਸ ਅਤੇ ਸਰਕਾਰ ਮਿਲ ਕੇ ਕਿਸਾਨਾਂ ਦਾ ਘਾਣ ਕਰ ਰਹੀ ਹੈ। ਇੱਕ ਪਾਸੇ ਬੈਂਕਾਂ ਦੀ ਗੁੰਡਾਗਰਦੀ ਸਾਡੇ ਨੌਜਵਾਨਾਂ ਨੂੰ ਮੌਤ ਦੇ ਮੂੰਹ ਵੱਲ ਧੱਕ ਰਹੀ ਹੈ ਅਤੇ ਦੂਜੇ ਪਾਸੇ ਪੁਲਿਸ ਸਾਨੂੰ ਸਿਰ ਢੱਕਣ ਲਈ ਛੱਤ (ਤੰਬੂ) ਵੀ ਨਹੀਂ ਲਗਾਉਣ ਦੇ ਰਹੀ। ਅਸੀਂ ਇਸ ਤਪਦੀ ਦੁਪਹਿਰ ਵਿੱਚ ਸੜਕ 'ਤੇ ਬੈਠੇ ਹਾਂ, ਪਰ ਜਦੋਂ ਤੱਕ ਇਨਸਾਫ਼ ਨਹੀਂ ਮਿਲਦਾ, ਅਸੀਂ ਪਿੱਛੇ ਨਹੀਂ ਹਟਾਂਗੇ।" ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਪਿਛਲੇ 43 ਦਿਨਾਂ ਤੋਂ ਫਰੀਦਕੋਟ ਵਿੱਚ ਮੋਰਚਾ ਚੱਲ ਰਿਹਾ ਹੈ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਸਪੱਸ਼ਟ ਕੀਤਾ ਕਿ ਨੌਜਵਾਨਾਂ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਬੈਂਕ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਤੁਰੰਤ ਮੁਆਵਜ਼ਾ ਅਤੇ ਇਨਸਾਫ਼ ਦਿੱਤਾ ਜਾਵੇ। ਪੁਲਿਸ ਵੱਲੋਂ ਕਿਸਾਨਾਂ ਨਾਲ ਕੀਤੀ ਜਾ ਰਹੀ ਬਦਸਲੂਕੀ ਬੰਦ ਕੀਤੀ ਜਾਵੇ। ਅੰਤ ਵਿੱਚ ਕਿਸਾਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਅਤੇ ਬੈਂਕ ਪ੍ਰਸ਼ਾਸਨ ਨੇ ਆਪਣਾ ਅੜੀਅਲ ਵਤੀਰਾ ਨਾ ਤਿਆਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ।

# ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਵੱਲ ਧਿਆਨ ਲਗਾਉਣਾ ਜ਼ਰੂਰੀ - ਗੁਰਮੇਲ ਪਹਿਲਵਾਨ

## ਸੈਕਟਰ-39 ਵਿੱਚ ਬੱਚਿਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਪਹੁੰਚੇ ਕਾਂਗਰਸੀ ਆਗੂ

**ਲੁਧਿਆਣਾ 12 ਮਈ (ਕਰਨੈਲ ਸਿੰਘ ਐੱਮ.ਏ.)** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਪਹਿਲਵਾਨ ਨੇ ਹਲਕਾ ਪੂਰਬੀ ਅਧੀਨ ਪੈਂਦੇ ਵਾਰਡ ਨੰਬਰ 19 ਦੇ ਸੈਕਟਰ-39 ਵਿਖੇ ਬੱਚਿਆਂ ਵੱਲੋਂ ਖੇਡੇ ਜਾ ਰਹੇ ਕ੍ਰਿਕਟ ਮੈਚ ਵਿੱਚ ਹਿੱਸਾ ਲੈ ਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਉਹਨਾਂ ਕਿਹਾ ਕਿ ਸਿਹਤਮੰਦ ਜੀਵਨ ਸ਼ੈਲੀ ਜੀਉਣ ਅਤੇ ਬੱਚਿਆਂ ਨੂੰ ਨਸ਼ੇ ਤੋਂ ਬਚਾਉਣ ਲਈ ਉਹਨਾਂ ਦਾ ਧਿਆਨ ਖੇਡਾਂ ਵੱਲ ਲਗਾਉਣਾ ਜ਼ਰੂਰੀ ਹੈ।



**ਕ੍ਰਿਕੇਟ ਖੇਡ ਰਹੇ ਬੱਚਿਆਂ ਦੀ ਹੌਂਸਲਾ ਅਫਜਾਈ ਕਰਨ ਪਹੁੰਚੇ ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਪਹਿਲਵਾਨ ਤੇ ਹੋਰ।**

ਕਿਉਂਕਿ ਖੇਡਣ ਨਾਲ ਸਰੀਰ ਤੰਦਰੁਸਤ ਬਣਿਆ ਰਹਿੰਦਾ ਹੈ ਅਤੇ ਤੰਦਰੁਸਤ ਸਰੀਰ ਵਿੱਚ ਦਿਮਾਗ ਵੀ ਤੰਦਰੁਸਤ ਹੀ ਰਹਿੰਦਾ ਹੈ। ਖੇਡਾਂ ਖੇਡਣ ਵਾਲੇ ਬੱਚਿਆਂ ਦਾ ਧਿਆਨ ਕਦੇ ਵੀ ਨਸ਼ੇ ਵਰਗੀਆਂ ਮਾੜੀਆਂ ਅਲਾਮਤਾਂ ਵੱਲ ਨਹੀਂ ਜਾਂਦਾ। ਉਹਨਾਂ ਨੇ ਮੈਚ ਜਿੱਤਣ ਵਾਲੇ ਖਿਡਾਰੀਆਂ ਨੂੰ ਟਰਾਫੀਆਂ ਵੰਡੀਆਂ। ਇਸ ਮੌਕੇ ਉਹਨਾਂ ਦੇ ਨਾਲ ਸੰਨੀ ਪਹੂਜਾ ਵੀ ਸਨ। ਟਰਾਫੀਆਂ ਵੰਡਣ ਵੇਲੇ ਅਨੰਦ, ਡਾ: ਰਮੇਸ਼, ਦਿਲ-ਨਾਰ ਸੱਪਰਾ, ਜਸਪਾਲ ਸਿੰਘ, ਦੀਪਕ ਖੋਸਲਾ, ਰਮਨ ਅਗਰਵਾਲ, ਜਤਿੰਦਰਪਾਲ ਸਿੰਘ ਕਾਲੜਾ,ਅਜੀਤ ਸਿੰਘ ਨਾਗਪਾਲ, ਨਰਿੰਦਰ ਸਿੰਘ, ਮੋਹਿਤ ਬਬਰਾਹ, ਸੁਨੀਲ ਕੁਮਾਰ, ਪਰਮਜੀਤ ਸਿੰਘ, ਸੁਮਿਤ ਕੁਮਾਰ, ਸੁਰਿੰਦਰ ਸਿੰਘ, ਸੋਨੂੰ ਲਾਖਾ ਤੇ ਦਿਲਬਾਗ ਸਿੰਘ ਵੀ ਮੌਜੂਦ ਰਹੇ।

# ਸ਼ਰੂਤੀ ਸੰਗੀਤ ਅਕੈਡਮੀ ਜਲੰਧਰ ਦੀ ਵਿਦਿਆਰਥਣ ਯੋਗਤਾ ਨੇ ਰਾਜ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ

**ਬੰਗਾ ( ਚਰਨਜੀਤ ਸੱਲ੍ਹਾ)** ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਸੁਸਾਇਟੀ ਹਸਨਪੁਰ ਲੁਧਿਆਣਾ ਵਿਖੇ ਕਰਾਏ ਗਏ ਰਾਜ ਪੱਧਰੀ 'ਦਿਵਿਆਂਗ ਅਤੇ ਅਧਿਆਪਕ ਮੁਕਾਬਲੇ ਨਵੇਂ ਦਿਸਹਦੇ' ਦੇ ਅਧੀਨ ਮੁਕਾਬਲੇ ਵਿੱਚ ਸੰਗੀਤ ਅਧਿਆਪਕ ਸੁਨੀਲ ਔਜਲਾ ਦੀ ਗਾਈਡੈਂਸ ਦੁਆਰਾ ਕੁਮਾਰੀ ਯੋਗਤਾ, ਸ਼ਰੂਤੀ ਸੰਗੀਤ ਅਕੈਡਮੀ, ਰਾਮਾ ਮੰਡੀ ਜਲੰਧਰ ਦੀ ਵਿਦਿਆਰਥਣ ਨੇ ਲੋਕ ਗੀਤ ਗਾ ਕੇ ਸਟੇਟ ਲੈਵਲ ਦੇ ਪ੍ਰੋਗਰਾਮ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ।



ਉਸ ਨੇ ਆਪਣੇ ਮਾਤਾ-ਪਿਤਾ' ਸੰਗੀਤ ਅਧਿਆਪਕ , ਸ਼ਰੂਤੀ ਸੰਗੀਤ ਅਕੈਡਮੀ ਅਤੇ ਆਪਣੇ ਜ਼ਿਲ੍ਹੇ ਜਲੰਧਰ ਦਾ ਨਾਮ ਸਟੇਟ ਲੈਵਲ ਦੇ ਪ੍ਰੋਗਰਾਮ ਵਿੱਚ ਚਮਕਾਇਆ। ਸ਼ਰੂਤੀ ਸੰਗੀਤ ਅਕੈਡਮੀ ਆਪਣੇ ਇਲਾਕੇ ਦੀ ਇੱਕ ਸ਼ਾਨਦਾਰ ਸੰਗੀਤ ਸੰਸਥਾ ਹੈ। ਅਕੈਡਮੀ ਦੇ ਡਾਇਰੈਕਟਰ ਸੁਨੀਲ ਔਜਲਾ ਇੱਕ ਮੰਨੇ-ਪ੍ਰਮੰਨੇ ਸੰਗੀਤਕਾਰ ਹਨ ਜੋ ਵਿਦਿਆਰਥੀਆਂ ਨੂੰ ਬਹੁਤ ਮਿਹਨਤ ਅਤੇ ਲਗਨ ਨਾਲ਼ ਸੰਗੀਤ ਦੀ ਸਿਖਲਾਈ ਦਿੰਦੇ ਹਨ। ਸੰਗੀਤ ਪ੍ਰੇਮੀਆਂ ਨੂੰ ਭਵਿੱਖ ਵਿੱਚ ਇਸ ਸੰਸਥਾ ਤੋਂ ਬਹੁਤ ਵੱਡੀਆਂ ਆਸਾਂ ਹਨ।

# ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਤੇਵਾਲ ਦੀ ਵਿਦਿਆਰਥਣ ਮੁਸਕਾਨ ਨੇ ਦਸਵੀਂ 'ਚੋਂ ਜ਼ਿਲ੍ਹੇ ਭਰ 'ਚੋਂ ਕੀਤਾ ਤੀਜਾ ਸਥਾਨ ਹਾਸਲ, ਸਕੂਲ ਦਾ ਨਤੀਜਾ ਰਿਹਾ 100 ਫੀਸਦੀ

**ਨਵਾਂਸ਼ਹਿਰ /ਕਾਠਗੜ੍ਹ 12 ਮਈ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੱਤੇਵਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇਲਾਕੇ ਵਿੱਚ ਝੰਡੇ ਗੱਡ ਦਿੱਤੇ ਹਨ। ਸਕੂਲ ਦੀ ਦਸਵੀਂ ਕਲਾਸ ਦਾ ਨਤੀਜਾ 100 ਫੀਸਦੀ ਰਿਹਾ ਹੈ। ਸਕੂਲ ਦੀ ਹੋਣਹਾਰ ਵਿਦਿਆਰਥਣ ਮੁਸਕਾਨ (ਸਪੁੱਤਰੀ ਸ਼੍ਰੀ ਪਿੰਕਾ ਕੁਮਾਰ) ਨੇ 650 ਵਿੱਚੋਂ 623 ਅੰਕ ਹਾਸਲ ਕਰਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੈਰਿਟ ਸੂਚੀ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਪੂਰੇ ਸੂਬੇ ਵਿੱਚ ਚਮਕਾਇਆ ਹੈ। ਸਕੂਲ ਪੱਧਰ 'ਤੇ ਏਕਮ ਜੋਤ ਨੇ ਦੂਜਾ ਅਤੇ ਕਮਲਜੀਤ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਮਾਣ ਵਧਾਇਆ ਹੈ। ਨਤੀਜਿਆਂ ਦੀ ਖੁਸ਼ੀ ਸਾਂਝੀ ਕਰਦਿਆਂ ਕਲਾਸ ਇੰਚਾਰਜ ਮੈਡਮ ਹਰਦੀਪ ਕੌਰ ਨੇ ਬੜੇ





ਮਾਣ ਅਤੇ ਫ਼ਖ਼ਰ ਨਾਲ ਦੱਸਿਆ ਕਿ, "ਸਾਡੀ ਕਲਾਸ ਦੇ ਸਾਰੇ 80 ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆ ਵਿੱਚ ਕਮਾਲ ਕਰ ਦਿੱਤੀ ਹੈ! ਕਲਾਸ ਦਾ 100 ਫੀਸਦੀ ਪਾਸ ਹੋਣਾ ਸਾਡੇ ਸਾਰਿਆਂ ਲਈ ਬਹੁਤ ਵੱਡੀ ਜਿੱਤ ਹੈ। ਮੁਸਕਾਨ, ਏਕਮ ਜੋਤ ਅਤੇ ਕਮਲਜੀਤ ਵਰਗੇ ਹੋਣਹਾਰ ਬੱਚਿਆਂ ਦੀ ਇਸ ਸ਼ਾਨਦਾਰ ਕਾਮਯਾਬੀ ਨੇ ਸਾਡੇ ਸਕੂਲ ਦਾ ਮਾਣ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ।" ਇਸ ਮਾਣਮੱਤੀ ਪ੍ਰਾਪਤੀ ਦੀ ਖੁਸ਼ੀ ਵਿੱਚ ਅੱਜ ਸਕੂਲ ਵਿੱਚ ਕਰਵਾਈ ਗਈ ਸਵੇਰ ਦੀ ਸਭਾ ਦੌਰਾਨ ਸਕੂਲ ਦੇ ਪ੍ਰਿੰਸੀਪਲ ਕਮ ਸਹਾਇਕ ਡਾਇਰੈਕਟਰ ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ) ਸਾਹਿਬ ਨੇ ਬੱਚਿਆਂ ਨੂੰ ਵੱਡੀ ਪ੍ਰੇਰਨਾ ਦਿੰਦਿਆਂ ਆਪਣੇ ਸੰਬੋਧਨ ਵਿੱਚ ਕਿਹਾ, "ਸਾਡੀ ਧੀ ਮੁਸਕਾਨ ਨੇ ਪੂਰੇ ਜ਼ਿਲ੍ਹੇ ਵਿੱਚ ਤੀਜਾ ਸਥਾਨ ਹਾਸਲ ਕਰਕੇ ਅੱਜ ਸਾਡਾ ਸਾਰਿਆਂ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ! ਇਹ 100 ਫੀਸਦੀ ਨਤੀਜਾ ਸਾਡੇ ਅਧਿਆਪਕਾਂ ਦੀ ਦਿਨ-ਰਾਤ ਦੀ ਅਣਥੱਕ ਮਿਹਨਤ ਅਤੇ ਬੱਚਿਆਂ ਦੀ ਲਗਨ ਦਾ ਜਿਊਂਦਾ-ਜਾਗਦਾ ਸਬੂਤ ਹੈ।" ਉਹਨਾਂ ਨੇ ਬਾਕੀ ਵਿਦਿਆਰਥੀਆਂ ਦਾ ਹੌਂਸਲਾ ਵਧਾਉਂਦਿਆਂ ਕਿਹਾ, "ਆਪਣੇ ਇਰਾਦੇ ਮਜ਼ਬੂਤ ਰੱਖੋ, ਇਹਨਾਂ ਮਿਹਨਤੀ ਬੱਚਿਆਂ ਤੋਂ ਸੇਧ ਲਓ ਅਤੇ ਆਪਣੇ ਮਿੱਥੇ ਟੀਚਿਆਂ ਨੂੰ ਸਰ ਕਰਨ ਲਈ ਦਿਨ-ਰਾਤ ਇੱਕ ਕਰ ਦਿਓ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਾਡਾ ਸਕੂਲ ਪੂਰੇ ਸੂਬੇ ਵਿੱਚੋਂ ਮੋਹਰੀ ਹੋ ਕੇ ਉੱਭਰੇ!" ਅੰਤ ਵਿੱਚ ਸਮੂਹ ਸਟਾਫ ਵੱਲੋਂ ਸਾਰੇ ਪਾਸ ਹੋਏ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ਗਈ।

# ਨਗਰ ਕੌਂਸਲ ਚੋਣਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਨਾ ਲਗਾਈਆਂ ਜਾਣ - ਸਾਂਝਾ ਅਧਿਆਪਕ ਮੋਰਚਾ

## ਪਹਿਲਾਂ ਹੀ ਅਧਿਆਪਕਾਂ ਦੀਆਂ ਜਨਗਣਨਾ 2027 ਤੇ ਡਰੱਗ ਸੈਂਸਸ ਚ ਡਿਊਟੀ ਲੱਗਣ ਕਾਰਨ ਸਕੂਲਾਂ ਦੀ ਪੜ੍ਹਾਈ ਦਾ ਹੋ ਰਿਹਾ ਨੁਕਸਾਨ

**ਕਪੂਰਥਲਾ, 12 ਮਈ ( ਵਿਸੇਸ ਪ੍ਰਤੀਨਿਧ )-** ਸਾਂਝਾ ਅਧਿਆਪਕ ਮੋਰਚਾ ਦੇ ਆਗੂਆਂ ਰਸ਼ਪਾਲ ਸਿੰਘ ਵੜੈਚ ਸੂਬਾਈ ਆਗੂ ਜੀਟੀਯੂ, ਸੁਖਦਿਆਲ ਸਿੰਘ ਝੰਡ ਜਿਲ੍ਹਾ ਪ੍ਰਧਾਨ ਅਧਿਆਪਕ ਦਲ

ਸੁਖਚੈਨ ਸਿੰਘ ਬੱਧਣ ਜ਼ਿਲ੍ਹਾ ਪ੍ਰਧਾਨ ਜੀ ਟੀ ਯੂ, ਗੁਰਮੇਜ਼ ਸਿੰਘ ਤਲਵੰਡੀ ਚੌਧਰੀਆਂ, ਨਰੇਸ਼ ਕੋਹਲੀ ਮਾਸਟਰ ਕੇਡਰ ਯੂਨੀਅਨ

ਆਦਿ ਆਗੂਆਂ ਨੇ ਡਿਪਟੀ ਕਮਿਸ਼ਨਰ ਕਪੂਰਥਲਾ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਨਗਰ ਕੌਂਸਲ ਚੋਣਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਨਾ ਲਗਾਈਆਂ ਜਾਣ। ਕਿਉਂਕਿ ਪਹਿਲਾਂ ਹੀ ਸਕੂਲਾਂ ਦੇ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਡਰੱਗ ਸੈਂਸਸ ਅਤੇ ਜਨਗਣਨਾ 2027 ਵਿੱਚ ਲੱਗ ਚੁੱਕੀਆਂ ਹਨ। ਜਿਸ ਕਾਰਨ ਸਕੂਲਾਂ ਵਿੱਚ ਬਹੁਤ ਹੀ ਘੱਟ ਸਟਾਫ ਬਚਿਆ ਹੈ, ਜੋ ਸਕੂਲਾਂ ਨੂੰ ਚਲਾ ਰਿਹਾ ਹੈ।ਇਸ ਲਈ ਅਧਿਆਪਕਾਂ ਦੀ ਡਿਊਟੀ ਨਗਰ ਕੌਂਸਲ ਚੋਣਾਂ ਚੋਣਾਂ ਵਿੱਚ ਬਿਲਕੁਲ ਨਾ ਲਗਾਈ ਜਾਵੇ। ਆਗੂਆਂ ਨੇ ਕਿਹਾ ਕਿ ਉਕਤ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਨਗਰ ਕੌਂਸਲ ਚੋਣਾਂ ਵਿੱਚ ਡਿਊਟੀਆਂ ਲਗਾਈਆਂ ਜਾਣ। ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਵੀ ਦਿੱਤੀ ਕਿ ਜੇਕਰ ਹੁਣ ਵੀ ਅਧਿਆਪਕਾਂ ਦੀਆਂ ਡਿਊਟੀਆਂ ਇਹਨਾਂ ਚੋਣਾਂ ਵਿੱਚ ਲਗਾਈਆਂ ਜਾਂਦੀਆਂ ਹਨ ਤਾਂ ਇਸ ਸਬੰਧੀ ਤਿੱਖਾ ਸੰਘਰਸ਼ ਉਲੀਕਿਆ



ਜਾਵੇਗਾ ਤੇ ਇਹਨਾਂ ਡਿਊਟੀਆਂ ਦਾ ਪੂਰਨ ਤੌਰ ਤੇ ਬਾਈਕਾਟ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਇਸ ਸਬੰਧੀ ਡਿਪਟੀ ਕਮਿਸ਼ਨਰ ਤੇ ਹੋਰ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਸੌਂਪੇ ਜਾਣਗੇ।

ਸਕੂਲ ਆਫ ਐਮੀਨੈਂਸ ਜੋ ਕਿ ਸਰਕਾਰ ਦਾ ਇੱਕ ਸੁਪਨਾ ਹਨ ਦੇ ਵਿਭਾਗ ਦੇ ਡਾਇਰੈਕਟਰ ਵੱਲੋਂ ਜੋ ਪੱਤਰ ਜਾਰੀ ਕੀਤਾ ਗਿਆ ਹੈ, ਕਿ ਸਕੂਲਾਂ ਦੇ ਅਧਿਆਪਕ ਵਰਗ ਨੂੰ ਬਾਹਰਲੀਆਂ ਡਿਊਟੀਆਂ ਤੋਂ ਛੋਟ ਦਿੱਤੀ ਜਾਵੇ, ਬਾਵਜੂਦ ਇਸਦੇ ਪਹਿਲਾਂ ਹੀ ਅਧਿਆਪਕਾਂ ਦੀਆਂ ਬਹੁਤ ਗਿਣਤੀ ਵਿੱਚ ਸੈਂਸਸ ਤੇ ਡਰੱਗ ਸੈਂਸਸ ਵਿੱਚ ਡਿਊਟੀਆਂ ਲੱਗ ਚੁੱਕੀਆਂ ਹਨ। ਇਸ ਮੌਕੇ ਤੇ ਸੰਦੀਪ ਸਿੰਘ, ਯਾਦਵਿੰਦਰ ਸਿੰਘ, ਅਜੈ ਸ਼ਰਮਾ, ਅਵਤਾਰ ਸਿੰਘ, ਭਜਨ ਸਿੰਘ ਮਾਨ, ਹਰਦੇਵ ਸਿੰਘ ਖਾਨੋਵਾਲ, ਮਨਜਿੰਦਰ ਸਿੰਘ ਧੰਜੂ, ਵੱਸਣਦੀਪ ਸਿੰਘ ਜੱਜ,ਗੁਰਦੇਵ ਸਿੰਘ, ਅਮਨਦੀਪ ਸਿੰਘ ਖਿੰਡਾ, ਅਸ਼ਵਨੀ ਕੁਮਾਰ, ਅੰਮ੍ਰਿਤਪਾਲ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਸੁਖਨਿੰਦਰ ਸਿੰਘ, ਅਵਤਾਰ ਸਿੰਘ ਹੈਬਤਪੁਰ,ਦਵਿੰਦਰ ਸਿੰਘ, ਮਨਜਿੰਦਰ ਸਿੰਘ ਠੱਟਾ, ਅਮਨਦੀਪ ਸਿੰਘ ਬਿਧੀਪੁਰ, ਜਗਜੀਤ ਸਿੰਘ ਬੂਲਪੁਰ, ਤਰਮਿੰਦਰ ਸਿੰਘ ਮੱਲ੍ਹੀ, ਨਿਰਮਲ ਸਿੰਘ, ਜਸਪ੍ਰੀਤ ਸਿੰਘ, ਸਿੰਦਰ ਸਿੰਘ, ਆਦਿ ਹਾਜਰ ਸਨ।

# ਨਕਦੀ ਦਾ ਕਾਲ਼ ਪਿਆ

ਨੋਟ ਬੰਦੀ ਵਰਗੇ ਹਾਲਾਤ ਨੇ ,
ਜਾਂ ਕੋਈ ਘਾਲ਼ਾ ਮਾਲ਼ਾ ?
ਨੇੜ ਭਵਿੱਖ 'ਚ ਲਗਦੈ ਕੋਈ
ਦੌਰ ਆਊਗਾ ਕਾਲ਼ਾ ।
ਔਖੇ ਵੇਲ਼ੇ ਵਰਤਣ ਲਈ ਜੋ
ਬੈਂਕਾਂ ਵਿੱਚ ਸੀ ਰੱਖਿਆ ;
ਆਪਣਾ ਪੈਸਾ ਵੀ ਨਈਂ ਮਿਲਦਾ,
ਕੀ ਨਿੱਕਲ ਗਿਆ ਦਿਵਾਲ਼ਾ?



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ |9914836037

## ਵੋਟਾਂ ਵਾਲੇ ਡੱਡੂ

ਹੁਣ ਨੇਤਾ ਘਰਾਂ 'ਚੋਂ ਬਾਹਰ ਨਿਕਲੇ,
ਜਿਵੇਂ ਡੱਡੂਆਂ ਲਈ ਬਰਸਾਤ ਮੀਆਂ।
ਪੰਜ ਸਾਲ ਜਿਨ੍ਹਾਂ ਨੂੰ ਪੁੱਛਿਆ ਨਹੀਂ,
ਹੁਣ ਉਹਨਾਂ ਨਾਲ ਮੁਲਾਕਾਤ ਮੀਆਂ।
ਪੰਜ ਸਾਲ ਏ.ਸੀ. ਵਿਚ ਰਹੇ ਸੁੱਤੇ,
ਕਦੇ ਪੁੱਛੀ ਨਹੀਂ ਜਨਤਾ ਦੀ ਬਾਤ ਮੀਆਂ।
ਹੁਣ ਗਲੀ-ਗਲੀ 'ਚ ਮੱਥਾ ਟੇਕਦੇ,
ਜਿਵੇਂ ਰੱਬ ਬਣ ਗਏ ਸਾਰੇ ਜਾਤ ਮੀਆਂ।
ਮੰਜੀ ਇਹਨਾਂ ਨੂੰ ਵੱਡ-ਵੱਡ ਖਾਵਦੀ ਐ,
ਕਰ ਦੇਣਗੇ ਇੱਕ ਦਿਨ 'ਚ ਰਾਤ ਮੀਆਂ।
ਬੁੱਢੇ ਦੇ ਪੈਰ ਦਬਾਉਣ ਲੱਗ ਪਏ,
ਹੋ ਗਈ ਹੁਣ ਪੂਰੀ ਪਰਭਾਤ ਮੀਆਂ।
ਡੁਮਾਣੇ ਵਾਲਾ ਬਹੁਤਾ ਚੱਤਰ ਬਣਦਾ,
ਅੱਤ ਦੇ ਵਿਗੜੇ ਪਏ ਹਲਾਤ ਮੀਆਂ।
ਕੋਈ ਕੰਮ ਜਨਤਾ ਦਾ ਨਹੀਂ ਕੀਤਾ,
ਖਾਣੀ ਪਊਗੀ ਤੈਨੂੰ ਮਾਤ ਮੀਆਂ।
ਟਾਲ ਮਟੋਲਿਆਂ ਨਾਲ ਗੱਲ ਨਹੀਂ ਬਣਨੀ,
ਹੁਣ ਸੁੱਤਾ ਰਿਹਾ ਪੰਜ ਸਾਲ ਦਿਨ ਰਾਤ ਮੀਆਂ।
ਵੋਟਾਂ ਤੋਂ ਬਾਅਦ ਮੁੜ ਪਰਤ ਜਾਣਾ,
ਫਿਰ ਨਾ ਦੇਣੀ ਕੋਈ ਸੌਗਾਤ ਮੀਆਂ।
ਨੋਟਾਂ ਦੇ ਬੰਡਲ ਵੰਡੀ ਜਾਂਦੇ,
ਲੋਕਾਂ ਨੂੰ ਸਮਝਣ ਲਿੱਤੜ ਜਾਤ ਮੀਆਂ।
ਇੱਕ ਵੋਟ ਨਾਲ ਸਰਕਾਰ ਬਦਲੂ,
ਹੁਣ ਜਾਗ ਪਈ ਹੈ ਜਨਤਾ ਜਮਾਤ ਮੀਆਂ।
ਕਹਿੰਦਾ ਗੁਰਮੀਤ ਡੁਮਾਣਾ ਸੁਣ ਲਓ,
ਚੋਰਾਂ ਨੂੰ ਨਾ ਦੇਣੀ ਵਕਾਲਤ ਮੀਆਂ।



ਗੁਰਮੀਤ ਡੁਮਾਣਾ
ਲੋਹੀਆਂ ਖਾਸ, ਜਲੰਧਰ
76528 16074

# ਕਿਰਦਾਰ

ਜ਼ਰੂਰੀ ਨਹੀਂ ਹਰ ਮਰਜ਼ ਦਾ ਹੱਲ ਦਵਾ ਹੋਵੇ,
ਕਦੀ ਕਦਾਈਂ ਕਿਸੇ ਚੰਗੇ ਸਿਆਣੇ ਹਕੀਮ ਦੇ,
ਨਬਜ਼ ਫੜਨ ਨਾਲ ਹੀ ਅਸਰ ਹੋ ਜਾਂਦਾ ਏ।
ਮਾੜੇ ਸਮੇਂ ਦੇ ਸਾਹਵੇਂ ਨਾ ਚਲਦੀ ਪੇਸ਼ ਕੋਈ,
ਨਾਲ ਹਾਲਾਤਾਂ ਦੇ ਲੜਦਾ ਕੋਈ ਮੁੱਕ ਜਾਂਦਾ,
ਤੇ ਜੋ ਬਚ ਜਾਂਦਾ ਉਹ 'ਚਤਰ' ਹੋ ਜਾਂਦਾ ਏ।
ਆਪੋ ਆਪਣੇ ਕਰਮਾਂ ਦਾ ਇਹੀ ਮੁੱਲ ਪੈਂਦਾ,
ਕੋਈ ਮਰਨੋਂ ਬਾਅਦ ਚਿੱਤ-ਚੇਤੇ ਨਾ ਰਹਿੰਦਾ,
ਤੇ ਕਿਸੇ ਤੇ ਪੂਰੀ ਕੌਮ ਨੂੰ ਫਖਰ ਹੋ ਜਾਂਦਾ ਏ।
ਰੰਗ ਮੰਚ ਹੋਵੇ ਜਾਂ ਜ਼ਿੰਦਗੀ ਦਾ ਮੰਚ,
ਕੁਝ 'ਪਾਤਰ' ਆਪਣਾ ਕਿਰਦਾਰ,
ਐਨੀ ਸ਼ਿੱਦਤ ਤੇ ਡੂੰਘਾਈ ਨਾਲ ਨਿਭਾਉਂਦੇ ਨੇ,
ਕਿ ਹਮੇਸ਼ਾ ਵਾਸਤੇ ਅਮਰ ਹੋ ਜਾਂਦਾ ਏ।
ਕਹਿੰਦਾ ਗੁਰਜਿੰਦਰ ਸਿੰਘ ਸਾਹਦੜਾ,
ਜ਼ਿੰਦਗੀ 'ਚ ਕਿਰਦਾਰ ਵੱਡਾ,
ਜੋ ਸੱਚ ਦੀ ਰਾਹ ਤੁਰਿਆ, ਝੂਠ ਨੂੰ ਠੋਕਰ ਮਾਰੀ,
ਲੋਕੀਂ ਭੁੱਲ ਜਾਣ ਨਾਂ ਉਹਦਾ,
ਪਰ ਉਹਦਾ ਕਿਰਦਾਰ ਅਮਰ ਹੋ ਜਾਂਦਾ ਏ।



ਗੁਰਜਿੰਦਰ ਸਿੰਘ ਸਾਹਦੜਾ

## ਰੁੱਖ

ਰੁੱਖ ਹੁੰਦੇ ਕੁਦਰਤ ਦੀ ਸ਼ਾਨ,
ਇਨ੍ਹਾਂ ਦਾ ਕਰੋ ਸਦਾ ਸਨਮਾਨ।
ਹਰ ਕੋਈ ਹੱਥੀਂ ਇੱਕ ਰੁੱਖ ਲਾਵੇ,
ਵਸਦਾ ਰਹੇਗਾ ਸਦਾ ਜਹਾਨ।
ਧਰਤੀ ਦੇ ਪੁੱਤ ਵਰਗੇ ਲਗਦੇ,
ਕਿੰਨੀ ਸੋਹਣੀ ਇਨ੍ਹਾਂ ਦੀ ਸ਼ਾਨ।
ਜੀਵਨ ਦੀ ਸੌਗਾਤ ਏ ਦਿੰਦੇ,
ਰਹੇ ਸਦਾ ਚਿਹਰੇ 'ਤੇ ਮੁਸਕਾਨ।
ਪੰਛੀਆਂ ਦਾ ਨੇ ਰੈਣ-ਬਸੇਰਾ,
ਬਣਕੇ ਰਹਿੰਦੇ ਨੇ ਮਹਿਮਾਨ।
ਇੱਕ ਰੁੱਖ ਹੈ ਸੌ ਸੁੱਖ ਬਰਾਬਰ,
ਕਰੋ ਸਦਾ ਇਨ੍ਹਾਂ ਦਾ ਗੁਣਗਾਨ।
ਆਪਣੇ ਪੈਰੀਂ ਖੜ੍ਹ ਜਾਂਦੇ ਜਦ,
ਵੇਖਦੇ ਸਭਨੂੰ ਇੱਕ ਸਮਾਨ।
ਕਦੇ ਨ ਆਪਣੇ ਫਲ ਨੂੰ ਖਾਂਦੇ,
ਸਭਦਾ ਰੱਖਣ ਇਹੋ ਧਿਆਨ।
ਕਿਸੇ ਰੁੱਖ 'ਤੇ ਫੁੱਲ ਮਹਿਕਦੇ,
ਪੂਜਾ ਲਈ ਮਿਲਦਾ ਸਥਾਨ।
ਜੋ ਕੁਝ ਇਨ੍ਹਾਂ ਕੋਲ ਹੈ ਹੁੰਦਾ,
ਸਭ ਕੁਝ ਕਰ ਦਿੰਦੇ ਨੇ ਦਾਨ।
ਵੇਖਿਆ ਨਹੀਂ ਮੈਂ ਹੋਰ ਕੋਈ ਵੀ,
ਇਨ੍ਹਾਂ ਦੇ ਵਰਗਾ ਕੋਈ ਮਹਾਨ।
ਕਮਲ ਕਰੇ ਸਦਾ ਤੇਰੀ ਪੂਜਾ,
ਤੂੰ ਹੀ ਧਰਤੀ ਦਾ ਭਗਵਾਨ।



ਕਮਲ ਭਾਸਕਰ
ਜਲੰਧਰ
9464252911

# ਚਲਦਾ ਦੌਰ ਬਲਾਵਾਂ ਦਾ

ਚਲਦਾ ਦੌਰ ਬਲਾਵਾਂ ਦਾ।
ਘੁੱਟਦਾ ਸਾਹ ਹਵਾਵਾਂ ਦਾ।

ਪਲਾਂ ਛਿਣਾਂ ਵਿਚ ਡੁੱਬ ਗਿਆ,
ਤਾਰੂ ਸੀ ਦਰਿਆਵਾਂ ਦਾ।

ਲੱਖ ਭੁਲਾਇਆਂ ਭੁੱਲਦਾ ਨਾ,
ਚਿਹਰਾ ਉਮਰ ਭਰ ਮਾਂਵਾਂ ਦਾ।

ਹਾਕਮ ਦੀ ਕਠਪੁਤਲੀ ਉਹੀ,
ਭੁੱਖਾ ਜੋ ਇੱਛਾਵਾਂ ਦਾ ।

ਸਭਕੁੱਝ ਏਥੇ ਛੱਡ ਜਾਣਾ ,
ਟੁੱਟਿਆ ਰਿਸ਼ਤਾ ਸਾਹਵਾਂ ਦਾ।

ਚਾਨਣ ਵਿੱਚ ਕੁੱਝ ਦਿਸਦਾ ਨਾ,
ਏਨਾ ਨੇਰ ਘਟਾਵਾਂ ਦਾ ।

ਚਲੋ ਚਲੀ ਦਾ ਮੇਲਾ ਹੈ ,
" ਰਾਜਨ" ਰਾਹੀ ਰਾਹਵਾਂ ਦਾ।



ਰਜਿੰਦਰ ਸਿੰਘ ਰਾਜਨ
ਸੰਗਰੂਰ
9876184954

# ਜਨਮਦਿਨ ਮੁਬਾਰਕ



ਪ੍ਰਭਨੂਰ ਕੌਰ।
ਪਿਤਾ ਬਲਜੀਤ ਸਿੰਘ
ਮਾਤਾ ਪਰਮਿੰਦਰ ਕੌਰ
ਵਾਸੀ ਪਿੰਡ ਸਹੂੰਗੜਾ, ਤਹਿਸੀਲ ਬਲਾਚੌਰ।
ਫੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ

# ਸਟਾਰਮਰ ‘ਤੇ ਦਬਾਅ ਹੋਰ ਵਧਿਆ, ਜੈੱਸ ਫਿਲਿਪਸ ਸਮੇਤ ਤਿੰਨ ਮੰਤਰੀਆਂ ਦੇ ਅਸਤੀਫ਼ੇ

**ਲੈਸਟਰ (ਇੰਗਲੈਂਡ), 12 ਮਈ (ਸੁਖਜਿੰਦਰ ਸਿੰਘ ਢੱਡੇ)**- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਲਈ ਸਿਆਸੀ ਸੰਕਟ ਹੋਰ ਗਹਿਰਾ ਹੋ ਗਿਆ ਹੈ। ਅੱਜ ਹੋਈ ਅਹਿਮ ਕੈਬਨਿਟ ਮੀਟਿੰਗ ਤੋਂ ਬਾਅਦ ਸੁਰੱਖਿਆ ਮਾਮਲਿਆਂ ਦੀ ਮੰਤਰੀ ਜੈੱਸ ਫਿਲਿਪਸ ਨੇ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਆਪਣੇ ਅਸਤੀਫ਼ੇ ਵਿਚ ਕਿਹਾ ਕਿ “ਕੇਵਲ ਸ਼ਬਦ ਨਹੀਂ, ਕੰਮ ਮਹੱਤਵ ਰੱਖਦੇ ਹਨ” ਅਤੇ ਸਰਕਾਰ ਲੋਕਾਂ ਦੀਆਂ ਉਮੀਦਾਂ ਅਨੁਸਾਰ ਬਦਲਾਅ ਲਿਆਉਣ ਵਿਚ ਅਸਫਲ ਰਹੀ ਹੈ। ਫਿਲਿਪਸ ਨੇ ਆਪਣੇ ਪੱਤਰ ਵਿਚ ਲਿਖਿਆ ਕਿ ਸਟਾਰਮਰ ਇਕ ਚੰਗੇ ਅਤੇ ਇਮਾਨਦਾਰ ਵਿਅਕਤੀ ਹਨ, ਪਰ ਸਿਰਫ਼ ਚੰਗਾ ਹੋਣਾ ਕਾਫ਼ੀ ਨਹੀਂ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਦ੍ਰਿੜ ਅਤੇ ਤੇਜ਼ ਫ਼ੈਸਲਿਆਂ ਵਾਲੀ ਅਗਵਾਈ ਦੀ ਲੋੜ ਹੈ। ਫਿਲਿਪਸ ਦੇ ਅਸਤੀਫ਼ੇ ਤੋਂ ਥੋੜ੍ਹੀ ਦੇਰ ਬਾਅਦ ਪੀੜਤਾਂ ਅਤੇ ਔਰਤਾਂ ਖ਼ਿਲਾਫ਼ ਹਿੰਸਾ ਮਾਮਲਿਆਂ ਦੀ ਮੰਤਰੀ ਐਲੈਕਸ ਡੇਵਿਸ-ਜੋਨਜ਼ ਨੇ ਵੀ ਅਹੁਦਾ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਹਾਲੀਆ ਚੋਣ ਨਤੀਜੇ ਲੋਕਾਂ ਦੇ ਗੁੱਸੇ ਨੂੰ ਸਾਫ਼ ਦਰਸਾਉਂਦੇ ਹਨ ਅਤੇ ਪਾਰਟੀ ਨੂੰ ਲੋਕਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਭਾਈਚਾਰਕ ਮਾਮਲਿਆਂ ਦੀ ਮੰਤਰੀ ਮਿਆਟਾ ਫਾਹਨਬੁਲੇਹ ਵੀ ਅਸਤੀਫ਼ਾ ਦੇ ਚੁੱਕੀ ਹੈ। ਉਨ੍ਹਾਂ ਸਟਾਰਮਰ ਨੂੰ “ਇਜ਼ਤਦਾਰ ਢੰਗ ਨਾਲ ਅਗਵਾਈ ਬਦਲਾਅ ਲਈ ਸਮਾਂ-ਸੀਮਾ ਤੈਅ ਕਰਨ” ਦੀ ਅਪੀਲ ਕੀਤੀ। ਫਾਹਨਬੁਲੇਹ ਨੇ ਇਹ ਵੀ ਕਿਹਾ ਕਿ ਲੋਕਾਂ ਦਾ ਭਰੋਸਾ ਮੌਜੂਦਾ ਅਗਵਾਈ ਤੋਂ ਉੱਠ ਚੁੱਕਾ ਹੈ।

ਅੱਜ ਹੋਈ ਕੈਬਨਿਟ ਮੀਟਿੰਗ ਦੌਰਾਨ ਸਟਾਰਮਰ ਨੇ ਸਪੱਸ਼ਟ ਕੀਤਾ ਕਿ ਉਹ ਅਸਤੀਫ਼ਾ ਨਹੀਂ ਦੇਣਗੇ ਅਤੇ ਸਰਕਾਰ ਆਪਣਾ ਕੰਮ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੇ ਨਿਯਮਾਂ ਅਨੁਸਾਰ ਅਜੇ ਤੱਕ ਉਨ੍ਹਾਂ ਖ਼ਿਲਾਫ਼ ਕੋਈ ਰਸਮੀ ਅਗਵਾਈ ਚੁਣੌਤੀ ਸ਼ੁਰੂ ਨਹੀਂ ਹੋਈ। ਉਨ੍ਹਾਂ ਮੰਤਰੀਆਂ ਨੂੰ ਕਿਹਾ ਕਿ “ਦੇਸ਼ ਸਰਕਾਰ ਤੋਂ ਕੰਮ ਕਰਨ ਦੀ ਉਮੀਦ ਰੱਖਦਾ ਹੈ ਅਤੇ ਸਾਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।”

ਮੀਟਿੰਗ ਤੋਂ ਬਾਅਦ ਕਈ ਸੀਨੀਅਰ ਮੰਤਰੀਆਂ ਨੇ ਸਟਾਰਮਰ ਦੇ ਹੱਕ ਵਿਚ ਖੁੱਲ੍ਹ ਕੇ ਬਿਆਨ ਦਿੱਤੇ। ਕੰਮਕਾਜ ਅਤੇ ਪੈਨਸ਼ਨ ਮਾਮਲਿਆਂ ਦੇ ਮੰਤਰੀ ਪੈਟ ਮੈਕਫੈਡਨ ਨੇ ਕਿਹਾ ਕਿ ਕੈਬਨਿਟ ਮੀਟਿੰਗ ਵਿਚ ਕਿਸੇ ਨੇ ਵੀ ਸਟਾਰਮਰ ਦੀ ਅਗਵਾਈ ਨੂੰ ਖੁੱਲ੍ਹੀ ਚੁਣੌਤੀ ਨਹੀਂ ਦਿੱਤੀ। ਰਿਹਾਇਸ਼ ਮਾਮਲਿਆਂ ਦੇ ਮੰਤਰੀ ਸਟੀਵ ਰੀਡ, ਕਾਰੋਬਾਰ ਮਾਮਲਿਆਂ ਦੇ ਮੰਤਰੀ ਪੀਟਰ ਕਾਇਲ ਅਤੇ ਲਿਜ਼ ਕੇਂਡਲ ਨੇ ਵੀ ਪ੍ਰਧਾਨ ਮੰਤਰੀ ਨੂੰ ਆਪਣਾ “ਪੂਰਾ ਸਮਰਥਨ” ਦਿੱਤਾ।

ਹਾਲਾਂਕਿ ਸਿਹਤ ਮਾਮਲਿਆਂ ਦੇ ਮੰਤਰੀ ਵੇਸ ਸਟ੍ਰੀਟਿੰਗ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ। ਪਾਰਟੀ ਅੰਦਰ ਉਨ੍ਹਾਂ ਨੂੰ ਸੰਭਾਵੀ ਉਤਰਾਧਿਕਾਰੀ ਵਜੋਂ ਦੇਖਿਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਉਹ ਭਵਿੱਖ ਵਿਚ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਰੱਖਦੇ ਹਨ, ਪਰ ਅਜੇ ਖੁੱਲ੍ਹ ਕੇ ਬਗਾਵਤ ਦੀ ਅਗਵਾਈ ਕਰਨ ਤੋਂ ਬਚ ਰਹੇ ਹਨ। ਇਸੇ ਦੌਰਾਨ ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹਮ ਦਾ ਨਾਮ ਵੀ ਨਵੇਂ ਆਗੂ ਵਜੋਂ ਚਰਚਾ ਵਿਚ ਹੈ। ਉਹ ਅੱਜ ਲੰਡਨ ਵਿਚ ਵੀ ਦੇਖੇ ਗਏ, ਜਿਸ ਨਾਲ ਸਿਆਸੀ ਅਟਕਲਾਂ ਹੋਰ ਤੇਜ਼ ਹੋ ਗਈਆਂ ਹਨ। ਦੱਸਣਯੋਗ ਹੈ ਕਿ ਲੇਬਰ ਪਾਰਟੀ ਨੂੰ ਪਿਛਲੇ ਹਫ਼ਤੇ ਹੋਈਆਂ ਸਥਾਨਕ ਚੋਣਾਂ ਵਿਚ ਵੱਡਾ ਝਟਕਾ ਲੱਗਿਆ ਸੀ। ਪਾਰਟੀ ਨੇ ਇੰਗਲੈਂਡ ਵਿਚ ਲਗਭਗ 1500 ਕੌਂਸਲ ਸੀਟਾਂ ਗੁਆ ਦਿੱਤੀਆਂ, ਜਦਕਿ ਵੇਲਜ਼ ਅਤੇ ਸਕਾਟਲੈਂਡ ਵਿਚ ਵੀ ਨਿਰਾਸ਼ਾਜਨਕ ਨਤੀਜੇ ਸਾਹਮਣੇ ਆਏ। ਇਸ ਤੋਂ ਬਾਅਦ ਪਾਰਟੀ ਅੰਦਰ ਸਟਾਰਮਰ ਖ਼ਿਲਾਫ਼ ਬਗਾਵਤ ਹੋਰ ਤੇਜ਼ ਹੋ ਗਈ ਹੈ। ਹੁਣ ਤੱਕ 86 ਲੇਬਰ ਸੰਸਦ ਮੈਂਬਰ ਸਟਾਰਮਰ ਦੇ ਅਸਤੀਫ਼ੇ ਜਾਂ ਨਵੀਂ ਅਗਵਾਈ ਲਈ ਸਮਾਂ-ਸੀਮਾ ਤੈਅ ਕਰਨ ਦੀ ਮੰਗ ਕਰ ਚੁੱਕੇ ਹਨ। ਉਧਰ ਰਾਜਨੀਤਿਕ ਅਨਿਸ਼ਚਿਤਤਾ ਕਾਰਨ ਵਿੱਤੀ ਬਾਜ਼ਾਰਾਂ ਵਿਚ ਵੀ ਚਿੰਤਾ ਵਧ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਸਿਆਸੀ ਸੰਕਟ ਲੰਮਾ ਚੱਲਿਆ ਤਾਂ ਇਸ ਦਾ ਅਸਰ ਦੇਸ਼ ਦੀ ਅਰਥਵਿਵਸਥਾ ਉੱਤੇ ਵੀ ਪੈ ਸਕਦਾ ਹੈ।

# ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਪਿਛਲੇ ਸਾਲਾਂ ਵਾਂਗ ਸ਼ਤ-ਪ੍ਰਤੀਸ਼ਤ ਰਿਹਾ । ਸਕੂਲ ਦਾ ਵਿਦਿਆਰਥੀ ਹਰਮਨਵੀਰ ਸਿੰਘ 91% ਅੰਕ ਲੈ ਕੇ ਪਹਿਲੇ ਸਥਾਨ ਉੱਤੇ ਰਿਹਾ । ਪ੍ਰਿੰਸ 87% ਅੰਕ ਲੈਣ ਕੇ ਦੂਜੇ ਸਥਾਨ ਉੱਤੇ ਰਿਹਾ । ਰਮਨਦੀਪ ਸਿੰਘ ਅਤੇ ਅਨਾਮਿਕਾ 84% ਨੰਬਰ ਲੈ ਕੇ ਤੀਜੇ ਸਥਾਨ ਉੱਤੇ ਰਹੇ । ਇਸ ਮੌਕੇ ਉੱਤੇ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ', ਡਾਇਰੈਕਟਰ ਰਮਣੀਕ ਸਿੰਘ ਘੁੰਮਣ ਅਤੇ ਪ੍ਰਿੰਸੀਪਲ ਹਿੰਮਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ । ਇਸ ਮੌਕੇ ਉੱਤੇ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ' ਨੇ ਕਿਹਾ ਕਿ 1988 ਵਿੱਚ ਇਸ ਸਕੂਲ ਦਾ ਨਿਰਮਾਣ ਬੱਚਿਆਂ ਅਤੇ ਇਨਸਾਨੀਅਤ ਦੀ ਨਿਰਸਵਾਰਥ ਸੇਵਾ ਕਰਨ ਲਈ ਨੀਂਹ ਰੱਖੀ ਗਈ ਸੀ। ਸਕੂਲ ਵਿੱਚ ਬਹੁਤ ਹੀ ਘੱਟ ਫੀਸਾਂ ਲੈ ਕੇ ਉਨ੍ਹਾਂ ਨੂੰ ਅੰਗਰੇਜ਼ੀ ਮਾਧਿਅਮ ਵਿੱਚ ਯੋਗ ਅਧਿਆਪਕਾਂ ਦੁਆਰਾ ਪੜ੍ਹਾਇਆ ਜਾਂਦਾ ਹੈ ਅਤੇ ਇਸ ਨਤੀਜੇ ਵਿੱਚ ਪ੍ਰਿੰਸੀਪਲ ਮੈਡਮ, ਡਾਇਰੈਕਟਰ, ਯੋਗ ਅਤੇ ਮਿਹਨਤੀ ਸਟਾਫ਼ ਦੀ ਮੁੱਖ ਭੂਮਿਕਾ ਰਹੀ ਹੈ ।

# ਇਨਰ ਵ੍ਹੀਲ ਕਲੱਬ ਮਿਡ ਟਾਊਨ ਵੱਲੋਂ ਟੀਬੀ ਮਰੀਜ਼ਾਂ ਨੂੰ ਸਿਵਲ ਹਸਪਤਾਲ ਵਿਖੇ ਰਾਸ਼ਨ ਕਿੱਟਾਂ ਵੰਡੀਆਂ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਮੇਸ਼ਾਂ ਦੀ ਤਰ੍ਹਾਂ ਇਨਰ ਵ੍ਹੀਲ ਕਲੱਬ ਮਿਡ ਟਾਊਨ ਵੱਲੋਂ ਲੋੜਵੰਦਾਂ ਦੀ ਸਹਾਇਤਾ ਲਈ ਫੇਰ ਅੱਗੇ ਆਇਆ ਹੈ । ਅੱਜ ਸਿਵਲ ਹਸਪਤਾਲ ਵਿਖੇ ਟੀਬੀ ਮਰੀਜ਼ਾਂ ਨੂੰ ਡਾਕਟਰ ਅਸ਼ੀਸ਼ ਚਾਵਲਾ ਜ਼ਿਲ੍ਹਾ ਟੀਬੀ ਅਫ਼ਸਰ ਅਤੇ ਨਵਨੀਤ ਜੋਸ਼ੀ ਸੈਕਟਰੀ ਰੈੱਡ ਕਰਾਸ ਦੀ ਮੌਜੂਦਗੀ ਵਿੱਚ 25 ਟੀਬੀ ਮਰੀਜ਼ਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ ਜਿਨ੍ਹਾਂ ਵਿੱਚ ਪੌਸ਼ਟਿਕ ਆਹਾਰ, ਦਾਲਾਂ, ਦਲੀਆ ਖਿਚੜੀ ਆਦਿ ਸਭ ਮੌਜੂਦ ਸਨ । ਇਸ ਮੌਕੇ ਬੋਲਦਿਆਂ ਕਲੱਬ ਦੀ ਪ੍ਰਧਾਨ ਨੀਸ਼ਾ ਸ਼ਰਮਾ ਨੇ ਆਖਿਆ ਕਿ ਅਸੀਂ ਇਹ ਰਾਸ਼ਨ ਕਿੱਟਾਂ ਇਹਨਾਂ ਮਰੀਜ਼ਾਂ ਨੂੰ ਪੂਰੇ ਛੇ ਮਹੀਨੇ ਤੱਕ ਦਿਆਂਗੇ । ਇਸ ਮੌਕੇ ਕਲੱਬ ਦੀ ਐਡੀਟਰ ਸੁਲੇਖਾ ਸਚਦੇਵਾ, ਕੁਸਮ ਅਗਰਵਾਲ ਆਦਿ ਪ੍ਰਮੁੱਖ ਤੌਰ ਤੇ ਹਾਜ਼ਰ ਸਨ ।

# ਦੁਨੀਆ ਦੇ ਹਰ ਪ੍ਰਾਣੀ ਨੂੰ ਗੁਰੂਆਂ ਦੇ ਲੜ ਲੱਗਣਾ ਚਾਹੀਦਾ ਹੈ : ਸੰਤ ਸਤਰੰਜਣ ਸਿੰਘ

**ਹੁਸ਼ਿਆਰਪੁਰ 12 ਮਈ (ਤਰਸੇਮ ਦੀਵਾਨਾ )** - ਅਜੋਕੇ ਦੌਰ ਦੀ ਭੱਜ-ਦੌੜ ਅਤੇ ਮਾਨਸਿਕ ਅਸ਼ਾਂਤੀ ਦੇ ਹੱਲ ਲਈ ਰੂਹਾਨੀਅਤ ਦਾ ਮਾਰਗ ਅਪਣਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ। ਧਾਰਮਿਕ ਵਿਦਵਾਨਾਂ ਅਤੇ ਚਿੰਤਕਾਂ ਦਾ ਮੰਨਣਾ ਹੈ ਕਿ ਦੁਨੀਆ ਦੇ ਹਰ ਪ੍ਰਾਣੀ ਨੂੰ ਗੁਰੂਆਂ ਦੇ ਲੜ ਲੱਗਣਾ ਚਾਹੀਦਾ ਹੈ, ਕਿਉਂਕਿ ਗੁਰੂ ਤੋਂ ਬਿਨਾਂ ਇਨਸਾਨ ਦਾ ਜੀਵਨ ਉਸੇ ਤਰ੍ਹਾਂ ਅਧੂਰਾ ਹੈ ਜਿਵੇਂ ਬਿਨਾਂ ਮਲਾਹ ਦੇ ਬਿਨਾਂ ਬੇੜੀ। ਇਹਨਾ ਗੱਲਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਧੁੱਗਾ ਕਲਾਂ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਸਤਰੰਜਨ ਸਿੰਘ ਧੁੱਗਿਆਂ ਵਾਲਿਆਂ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਅੱਜ ਦੇ ਪਦਾਰਥਵਾਦੀ ਯੁੱਗ ਦੇ ਵਿੱਚ ਗੁਰੂ ਦੀ ਅਹਿਮੀਅਤ ਨੂੰ ਸਮਝਾਉਂਦਿਆਂ ਇੱਕ ਬਹੁਤ ਹੀ ਸਟੀਕ ਉਦਾਹਰਨ ਦਿੱਤੀ ਹੈ ਉਹਨਾ ਕਿਹਾ ਕਿ ਜਿਵੇਂ ਪੜ੍ਹਾਈ ਤੋਂ ਬਿਨਾਂ ਇਨਸਾਨ 'ਅਨਪੜ੍ਹ' ਰਹਿ ਜਾਂਦਾ ਹੈ ਅਤੇ ਉਹ ਸੰਸਾਰਿਕ ਗਿਆਨ ਤੋਂ ਵਾਂਝਾ ਹੋਣ ਕਾਰਨ ਜੀਵਨ ਦੀਆਂ ਬਾਰੀਕੀਆਂ ਨੂੰ ਨਹੀਂ ਸਮਝ ਸਕਦਾ, ਠੀਕ ਉਸੇ ਤਰ੍ਹਾਂ ਅਧਿਆਤਮਿਕ ਗੁਰੂ ਤੋਂ ਬਿਨਾਂ ਇਨਸਾਨ ਅੰਦਰੂਨੀ ਗਿਆਨ ਤੋਂ ਸੱਖਣਾ ਰਹਿੰਦਾ ਹੈ ! ਉਹਨਾਂ ਕਿਹਾ ਕਿ ਜਿਸ ਤਰ੍ਹਾਂ ਇੱਕ ਅਨਪੜ੍ਹ ਵਿਅਕਤੀ ਸਮਾਜਿਕ ਅਤੇ ਤਕਨੀਕੀ ਤਰੱਕੀ ਵਿੱਚ ਆਪਣਾ ਪੂਰਾ ਯੋਗਦਾਨ ਨਹੀਂ ਪਾ ਸਕਦਾ, ਉਸੇ ਤਰ੍ਹਾਂ ਗੁਰੂ ਦੀ ਸਿੱਖਿਆ ਤੋਂ ਬਿਨਾਂ ਮਨੁੱਖ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਪਛਾਣਨ ਵਿੱਚ ਅਸਮਰੱਥ ਰਹਿੰਦਾ ਹੈ। ਉਹਨਾਂ ਕਿਹਾ ਕਿ "ਗੁਰੂ ਉਹ ਚਾਨਣ-ਮੁਨਾਰਾ ਹੈ ਜੋ ਭਟਕੇ ਹੋਏ ਇਨਸਾਨ ਨੂੰ ਸਹੀ ਰਸਤਾ ਦਿਖਾ ਕੇ ਉਸ ਦਾ ਲੋਕ ਅਤੇ ਪਰਲੋਕ ਸੁਧਾਰ ਦਿੰਦਾ ਹੈ। ਉਹਨਾਂ ਕਿਹਾ ਕਿ ਅੱਜ ਦੇ ਸਮਾਜ ਵਿੱਚ ਵੱਧ ਰਹੀਆਂ ਬੁਰਾਈਆਂ ਨੂੰ ਰੋਕਣ ਲਈ ਗੁਰੂ ਦੇ ਲੜ ਲੱਗਣਾ ਹੋਰ ਵੀ ਲਾਜ਼ਮੀ ਹੋ ਗਿਆ ਹੈ। ਗੁਰੂ ਦੀ ਮੱਤ ਹੀ ਮਨੁੱਖ ਨੂੰ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੋਂ ਬਚਾ ਕੇ ਇੱਕ ਚੰਗਾ ਇਨਸਾਨ ਬਣਾਉਂਦੀ ਹੈ। ਜੇਕਰ ਇਨਸਾਨ ਗੁਰੂ ਦੀ ਸ਼ਰਨ ਵਿੱਚ ਆ ਜਾਵੇ, ਤਾਂ ਉਸ ਦੇ ਜੀਵਨ ਵਿੱਚ ਅਨੁਸ਼ਾਸਨ, ਨਿਮਰਤਾ ਅਤੇ ਸੇਵਾ ਭਾਵਨਾ ਵਰਗੇ ਗੁਣ ਪੈਦਾ ਹੁੰਦੇ ਹਨ, ਜੋ ਉਸ ਨੂੰ ਇੱਕ 'ਪੂਰਨ ਮਨੁੱਖ' ਬਣਾਉਣ ਵਿੱਚ ਸਹਾਈ ਹੁੰਦੇ ਹਨ।



# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਕਨਵੋਕੇਸ਼ਨ ਦੌਰਾਨ ਡਿਗਰੀਆਂ ਪ੍ਰਦਾਨ

**ਬੰਗਾ 12 ਮਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਹੋਈ ਕਨਵੋਕੇਸ਼ਨ ਦੌਰਾਨ ਬੀ. ਐਸ. ਸੀ. ਨਰਸਿੰਗ ਅਤੇ ਜੀ. ਐਨ. ਐਮ. ਕੋਰਸ ਦੇ ਗਰੇਜੂਏਟਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਕਨਵੋਕੇਸ਼ਨ ਦੀ ਆਰੰਭਤਾ ਕਾਲਜ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਨਾਲ ਕੀਤੀ ਗਈ । ਉਪਰੰਤ ਪਤਵੰਤਿਆਂ ਵਲੋਂ ਸ਼ਮਾ ਰੌਸ਼ਨ ਦੀ ਰਸਮ ਅਦਾ ਕੀਤੀ ਗਈ ।

ਕਨਵੋਕੇਸ਼ਨ ਦੌਰਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਡਿਗਰੀ ਪ੍ਰਾਪਤ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ । ਉਹਨਾਂ ਆਪਣੇ ਸੰਬੋਧਨ 'ਚ ਵਿਦਿਆਰਥੀਆਂ ਨੂੰ ਨਰਸਿੰਗ ਖੇਤਰ ਨਾਲ ਜੁੜਨ ਦੀ ਵਧਾਈ ਦਿੱਤੀ ਅਤੇ ਚਰਿੱਤਰ ਨਿਰਮਾਣ ਲਈ ਹਮੇਸ਼ਾਂ ਸਾਰਥਿਕ ਤੇ ਪ੍ਰੇਰਕ ਰਾਹਾਂ ਦੇ ਪਾਂਧੀ ਬਣਦਿਆਂ ਅੱਗੇ ਵੱਧਣ ਦਾ ਸੁਨੇਹਾ ਦਿੱਤਾ । ਇਸ ਦੇ ਨਾਲ ਹੀ ਉਹਨਾਂ ਨੇ ਅੱਜ ਕੌਮਾਂਤਰੀ ਨਰਸਿੰਗ ਦਿਵਸ ਦੀਆਂ ਸਮੂਹ ਨਰਸਿੰਗ ਪਰਿਵਾਰ ਨੂੰ ਵਧਾਈਆਂ ਵੀ ਦਿੱਤੀਆਂ।

ਇਸ ਮੌਕੇ ਕਾਲਜ ਪ੍ਰਿੰਸੀਪਲ ਰਮਨਦੀਪ ਕੌਰ ਨੇ ਸਵਾਗਤੀ ਸ਼ਬਦ ਕਹੇ ਅਤੇ ਕਾਲਜ ਦੀਆਂ ਬਹੁਪੱਖੀ ਪ੍ਰਾਪਤੀਆਂ ਦੀ ਸਾਂਝ ਪਾਈ । ਉਹਨਾਂ ਜਾਣਕਾਰੀ ਦਿੱਤੀ ਕਿ ਅੱਜ ਡਿਗਰੀਆਂ ਹਾਸਲ ਕਰਨ ਵਾਲਿਆਂ ਵਿੱਚ ਬੀ.ਐਸ.ਸੀ. ਨਰਸਿੰਗ ਦਾ 24 ਵਾਂ ਅਤੇ ਜੀ. ਐਨ. ਐਮ. ਨਰਸਿੰਗ ਦਾ 30ਵਾਂ ਬੈਚ ਸ਼ਾਮਲ ਹੈ, ਜਦੋਂ ਕਿ ਇਸ ਕਾਲਜ 'ਚ ਹੁਣ ਤੱਕ 27 ਸੌ ਤੋਂ ਵੱਧ ਨਰਸਿੰਗ ਗਰੈਜੂਏਟ ਡਿਗਰੀਆਂ ਪ੍ਰਾਪਤ ਕਰਕੇ ਦੇਸ਼ ਵਿਦੇਸ਼ਾਂ ਵਿੱਚ ਸਥਾਪਿਤ ਹੋ ਚੁੱਕੇ ਹਨ । ਸਮਾਗਮ ਦੌਰਾਨ ਕਾਲਜ ਦੇ ਟੌਪਰ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਤਕਸੀਮ ਕੀਤੇ ਗਏ । ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਵਲੋਂ ਸੱਭਿਆਚਾਰਕ ਰੰਗਾਂ 'ਚ ਲਬਰੇਜ਼ ਖੂਬਸੂਰਤ ਪੇਸ਼ਕਾਰੀਆਂ ਕੀਤੀਆਂ । ਬੀ.ਐਸ. ਸੀ. ਨਰਸਿੰਗ (ਚੌਥਾ ਸਾਲ) ਦੀ ਵਿਦਿਆਰਥਣ ਤਰਨਦੀਪ ਕੌਰ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ । ਮੰਚ ਦਾ ਸੰਚਾਲਨ ਜੈਸਮੀਨ ਕੌਰ (ਬੀ. ਐਸ. ਸੀ. ਨਰਸਿੰਗ ਦੂਜਾ ਸਾਲ) ਤੇ ਮਨਰੀਤ ਕੌਰ (ਜੀ ਐਨ ਐਮ ਦੂਜਾ ਸਾਲ) ਨੇ ਸਾਂਝੇ ਰੂਪ ਵਿੱਚ ਨਿਭਾਇਆ । ਇਸ ਮੌਕੇ ਟਰੱਸਟ ਮੈਂਬਰ ਦਵਿੰਦਰ ਸਿੰਘ ਢਿੱਲੋਂ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡਾਇਰੈਕਟਰ ਹਿਊਮਨ ਰਿਸੋਰਸਸ ਹੁਨਰਦੀਪ ਸਿੰਘ ਬਰਾੜ, ਦਫ਼ਤਰ ਸੁਪਰਡੈਂਟ ਮਹਿੰਦਰਪਾਲ ਸਿੰਘ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ. ਸੁਖਮਿੰਦਰ ਕੌਰ ਉੱਭੀ, ਮਨਿੰਦਰ ਕੌਰ, ਰਾਬੀਆ ਹਾਟਾ, ਵੰਦਨਾ ਬਸਰਾ, ਸੰਦੀਪ ਸੂਦਨ, ਰੀਤੂ, ਹਰਦੀਪ ਕੌਰ, ਮੁਹੰਮਦ ਯੂਨਸ ਵਾਨੀ ਅਤੇ ਸਮੂਹ ਕਾਲਜ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



**ਕਨਵੋਕੇਸ਼ਨ ਦੌਰਾਨ ਡਿਗਰੀਆਂ ਪ੍ਰਦਾਨ ਕਰਨ ਸਮੇਂ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਪ੍ਰਿੰਸੀਪਲ ਰਮਨਦੀਪ ਕੌਰ।**

# ਗੁਰਦੁਆਰਾ ਦੁਖ ਨਿਵਾਰਨ ਸਾਹਿਬ ਸ੍ਰੀ ਗੁਰੂ ਨਾਨਕ ਚਰਨਸਰ ਭੀਖੋਵਾਲ ਵਿਖੇ ਸਮਾਗਮ ਕੱਲ ਤੋਂ ਸ਼ੁਰੂ

**ਹੁਸ਼ਿਆਰਪੁਰ 12 ਮਈ ( ਤਰਸੇਮ ਦੀਵਾਨਾ )** – ਧੰਨ ਧੰਨ ਬਾਬਾ ਭਰਥਰੀ ਜੀ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਦੁਖ ਨਿਵਾਰਨ ਸ੍ਰੀ ਗੁਰੂ ਨਾਨਕ ਚਰਨਸਰ ਭੀਖੋਵਾਲ ਵਿਖੇ ਆਯੋਜਿਤ 75ਵੇਂ ਸਾਲਾਨਾ ਭੰਡਾਰਾ ਅਤੇ ਸੰਤ ਸੰਮੇਲਨ ਲਈ ਪ੍ਰਬੰਧਕਾਂ ਅਤੇ ਵਲੰਟੀਅਰਾਂ ਦੀ ਇੱਕ ਉੱਚ ਪੱਧਰੀ ਮੀਟਿੰਗ ਹੋਈ। ਸਮਾਗਮ ਦੇ ਸਫਲ ਆਯੋਜਨ ਲਈ ਵਲੰਟੀਅਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਇਹ ਸਮਾਗਮ 14 ਮਈ ਤੋਂ 16 ਮਈ ਤੱਕ ਪੂਰੀ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਜਾਵੇਗਾ। ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਮੈਨੇਜਰ ਭਾਈ ਅਵਤਾਰ ਸਿੰਘ ਭੀਖੋਵਾਲ, ਐਡਵੋਕੇਟ ਭਾਈ ਹਰਗੋਪਾਲ ਸਿੰਘ ਅਤੇ ਹੋਰ ਮੈਂਬਰਾਂ ਨੇ ਪ੍ਰੋਗਰਾਮ ਦੀ ਰੂਪਰੇਖਾ ਦੱਸਦੇ ਹੋਏ ਦੱਸਿਆ ਕਿ 14 ਮਈ ਨੂੰ ਰਾਤ 8 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਦੇ 16 ਸ੍ਰੀ ਅਖੰਡ ਪਾਠਾਂ ਦੀ ਲੜੀ ਇੱਕੋ ਸਮੇਂ ਸ਼ੁਰੂ ਹੋਵੇਗੀ, ਜਦੋਂ ਕਿ 15 ਮਈ ਨੂੰ ਰਹਿਰਾਸ ਸਾਹਿਬ ਜੀ ਦੀ ਬਾਣੀ ਦੇ ਪਾਠ ਤੋਂ ਬਾਅਦ, ਧੰਨ ਧੰਨ ਬ੍ਰਹਮ ਗਿਆਨੀ ਸੱਚਖੰਡ ਵਾਸੀ, ਨਿਮਰਤਾ ਦੇ ਰੂਪ, ਮਹਾਨ ਦਾਨੀ ਅਤੇ ਪਰਉਪਕਾਰੀ, ਸੰਤ ਬਾਬਾ ਚਰਨ ਸਿੰਘ ਜੀ ਦੀ ਯਾਦ ਵਿੱਚ ਦੀਵਾਨ ਸਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਭਾਰਤ ਅਤੇ ਵਿਦੇਸ਼ਾਂ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 16 ਮਈ ਨੂੰ ਆਸਾ ਜੀ ਦੀ ਵਾਰ ਦੇ ਅੰਮ੍ਰਿਤ ਵੇਲਾ ਕੀਰਤਨ ਅਤੇ 8 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ, ਇੱਕ ਵਿਸ਼ਾਲ ਪੰਡਾਲ ਵਿੱਚ ਸਜਾਏ ਜਾਣ ਵਾਲੇ 'ਦੀਵਾਨ' ਵਿੱਚ, ਸੰਪਰਦਾ ਦੇ ਰਾਗੀ, ਢਾਡੀ ਅਤੇ ਪ੍ਰਸਿੱਧ ਸੰਤ ਬਾਬਾ ਭਰਥਰੀ ਜੀ ਦੀਆਂ ਪਵਿੱਤਰ ਕਥਾਵਾਂ ਅਤੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮੌਕੇ ਮੈਨੇਜਰ ਅਮਰਜੀਤ ਸਿੰਘ, ਹਜ਼ੂਰੀ ਰਾਗੀ ਭਾਈ ਬਲਵੰਤ ਸਿੰਘ, ਭਾਈ ਬਲਜੀਤ ਸਿੰਘ, ਜਸਵੰਤ ਸਿੰਘ, ਮਹਾਂਵੀਰ ਸਿੰਘ ਮੁੱਖ ਜੰਗਲਾਤ ਸੰਭਾਲਕਰਤਾ, ਜਸਪਾਲ ਸਿੰਘ ਵਣ ਰੇਂਜ ਅਫ਼ਸਰ, ਜਸਵੀਰ ਸਿੰਘ ਬਲਾਕ ਅਫ਼ਸਰ, ਗਿਆਨੀ ਜਸਵੀਰ ਸਿੰਘ, ਗਿਆਨੀ ਮਨਜੀਤ ਸਿੰਘ, ਭਾਈ ਹਰਦੇਵ ਸਿੰਘ, ਗਿਆਨੀ ਜੀਤ ਸਿੰਘ, ਭਾਈ ਮਾਨ ਸਿੰਘ, ਅਮਨਦੀਪ ਸਿੰਘ, ਭਾਈ ਹਰਦੇਵ ਸਿੰਘ, ਹਰਜੀਤ ਸਿੰਘ, ਭਾਈ ਮੋਹਨ ਸਿੰਘ ਅਤੇ ਹੋਰ ਬਹੁਤ ਸਾਰੇ ਹਾਜ਼ਰ ਸਨ।



**ਫੋਟੋ ਅਜਮੇਰ ਦੀਵਾਨਾ**

# ਸਤਨਾਮ ਜਲਾਲਪੁਰ ਵੱਲੋਂ ਪਿੰਡ ਅੱਲੋਵਾਲ ਨੂੰ ਖੇਡਾਂ ਦੇ ਸਮਾਨ ਲਈ 1 ਲੱਖ ਰੁਪਏ ਦੀ ਗ੍ਰਾਂਟ ਜਾਰੀ

**ਨਵਾਂਸ਼ਹਿਰ 12 ਮਈ ( ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਸਤਨਾਮ ਜਲਾਲਪੁਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਮਕਸਦ ਨਾਲ ਗ੍ਰਾਮ ਪੰਚਾਇਤ ਅੱਲੋਵਾਲ ਨੂੰ ਇੱਕ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ ਗਈ ਹੈ। ਇਹ ਰਾਸ਼ੀ ਖ਼ਾਸ ਤੌਰ 'ਤੇ ਖੇਡਾਂ ਦੇ ਸਮਾਨ ਦੀ ਖਰੀਦ ਲਈ ਦਿੱਤੀ ਗਈ ਹੈ।ਗ੍ਰਾਂਟ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨਾ ਹੈ।ਸਤਨਾਮ ਜਲਾਲਪੁਰ ਨੇ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਭੈੜੀ ਅਲਾਮਤ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਚੁਣਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਬੱਚੇ ਹੀ ਦੇਸ਼ ਅਤੇ ਮਾਪਿਆਂ ਦਾ ਭਵਿੱਖ ਹਨ, ਇਸ ਲਈ ਉਨ੍ਹਾਂ ਦਾ ਖੇਡਾਂ ਅਤੇ ਪੜ੍ਹਾਈ ਵਿੱਚ ਅੱਗੇ ਵਧਣਾ ਜ਼ਰੂਰੀ ਹੈ।"ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਪੜ੍ਹਾਈ ਅਤੇ ਖੇਡਾਂ ਵੱਲ ਧਿਆਨ ਦੇਣ। ਜੇਕਰ ਸਾਡੀ ਨੌਜਵਾਨ ਪੀੜ੍ਹੀ ਤੰਦਰੁਸਤ ਹੋਵੇਗੀ, ਤਾਂ ਹੀ ਦੇਸ਼ ਦਾ ਭਵਿੱਖ ਉਜਵਲ ਹੋਵੇਗਾ।" ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਨੌਜਵਾਨਾਂ ਨੇ ਚੇਅਰਮੈਨ ਜਲਾਲਪੁਰ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਖੇਡਾਂ ਦੇ ਖੇਤਰ ਵਿੱਚ ਪਿੰਡ ਦਾ ਨਾਮ ਰੌਸ਼ਨ ਕਰਨ ਲਈ ਪੂਰੀ ਮਿਹਨਤ ਕਰਨਗੇ। ਇਸ ਮੌਕੇ ਬਲਾਕ ਪ੍ਰਧਾਨ ਸਤਨਾਮ ਸਿੰਘ ਸਹੂੰਗੜਾ ਅਤੇ ਗੁਰਚੈਨ ਰਾਮ,ਤਿਲਕ ਰਾਜ ਸੂਦ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਸੜੋਆ, ਭੁਪਿੰਦਰ ਸੂਦ,ਨਰੇਸ਼ ਕੁਮਾਰ, ਜਸਵਿੰਦਰ ਬਛੂੰਆਂ, ਤਰਲੋਕ ਸੂਦ, ਗੌਰਵ ਸੂਦ, ਜੱਸੀ ਸੂਦ, ਸੁੱਚਾ ਸਿੰਘ, ਨਵਦੀਪ ਸੂਦ, ਸੁੱਖਾ ਸੂਦ, ਸੋਹਣ ਸਿੰਘ, ਹਰਬੰਸ ਸੂਦ ਤੋਂ ਇਲਾਵਾ ਬਹੁਤ ਸਾਰੇ ਨੌਜਵਾਨ ਸਾਥੀ ਮੌਜੂਦ ਸਨ।



# ਬਲਾਚੌਰ ਦੇ ਪਿੰਡ ਰਾਏਪੁਰ ਮਾਜਰਾ 'ਚ ਖੇਡ ਸੱਭਿਆਚਾਰ ਨੂੰ ਹੁਲਾਰਾ: ਵਿਧਾਇਕਾ ਕਟਾਰੀਆ ਨੇ ਨੌਜਵਾਨਾਂ ਨੂੰ ਸੌਂਪੀ ਜਿੰਮ

**ਨਵਾਂਸ਼ਹਿਰ /ਕਾਠਗੜ੍ਹ 12 ਮਈ (ਸ.ਵ)** ਹਲਕਾ ਬਲਾਚੌਰ ਦੇ ਪਿੰਡ ਰਾਏਪੁਰ ਮਾਜਰਾ ਵਿੱਚ ਅੱਜ ਵਿਕਾਸ ਕਾਰਜਾਂ ਨੂੰ ਤੇਜ਼ੀ ਦੇਣ ਅਤੇ ਨੌਜਵਾਨਾਂ ਦੀ ਸਿਹਤ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ। ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਪਿੰਡ ਦਾ ਦੌਰਾ ਕਰਦਿਆਂ ਜਿੱਥੇ ਪੰਚਾਇਤ ਨੂੰ 2 ਲੱਖ ਰੁਪਏ ਦਾ ਚੈੱਕ ਸੌਂਪਿਆ, ਉੱਥੇ ਹੀ ਨੌਜਵਾਨਾਂ ਲਈ ਨਵੀਂ ਬਣੀ ਜਿੰਮ ਦਾ ਉਦਘਾਟਨ ਕਰਕੇ ਉਨ੍ਹਾਂ ਨੂੰ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਪਿੰਡਾਂ ਨੂੰ ਹਰ ਸਹੂਲਤ ਨਾਲ ਲੈਸ ਕਰਨ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਰਾਏਪੁਰ ਮਾਜਰਾ ਦੇ ਵਿਕਾਸ ਵਿੱਚ ਫੰਡਾਂ ਦੀ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।





ਇਸ ਮੌਕੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਮੁੱਖ ਲੋੜ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਮੈਦਾਨਾਂ ਨਾਲ ਜੋੜਨਾ ਹੈ। ਉਨ੍ਹਾਂ ਕਿਹਾ "ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਤੇ ਸਿਹਤ ਵੱਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਜੇਕਰ ਸਾਡੇ ਪਿੰਡਾਂ ਵਿੱਚ ਖੇਡ ਸੱਭਿਆਚਾਰ ਮਜ਼ਬੂਤ ਹੋਵੇਗਾ, ਤਾਂ ਹੀ ਅਸੀਂ 'ਰੰਗਲਾ ਪੰਜਾਬ' ਸਿਰਜ ਸਕਾਂਗੇ।" ਨਵੀਂ ਜਿੰਮ ਦੀ ਸਹੂਲਤ ਮਿਲਣ 'ਤੇ ਪਿੰਡ ਦੀ ਪੰਚਾਇਤ ਅਤੇ ਨੌਜਵਾਨਾਂ ਨੇ ਵਿਧਾਇਕਾ ਅਤੇ ਅਸ਼ੋਕ ਕਟਾਰੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪਿੰਡ ਵਾਸੀਆਂ ਨੇ ਕਿਹਾ ਕਿ ਇਸ ਗ੍ਰਾਂਟ ਅਤੇ ਜਿੰਮ ਨਾਲ ਪਿੰਡ ਦੀ ਨੁਹਾਰ ਬਦਲੇਗੀ। ਇਸ ਮੌਕੇ ਜਸਵੀਰ ਸਿੰਘ ਘੁੰਮਣ ਹਲਕਾ ਪ੍ਰਧਾਨ ਵਪਾਰ ਵਿੰਗ , ਸਰਪੰਚ ਹਰਜਿੰਦਰ ਸਿੰਘ ਚਾਹਲ ਜੱਟਾਂ, ਗੁਰਮੁਖ ਪਾਬਲਾ , ਕੁਲਦੀਪ ਕੌਰ ਸਰਪੰਚ ,ਹਰਨੇਕ ਸਿੰਘ,ਜਰਨੈਲ ਸਿੰਘ,ਸੁਖਵਿੰਦਰ ਸਿੰਘ,ਹਰਭਜਨ ਸਿੰਘ,ਬਲਵੀਰ ਚੰਦ ਪੰਚ, ਸੁਖਵਿੰਦਰ ਸਿੰਘ,ਕਰਨੈਲ ਸਿੰਘ,ਜੋਗਾ ਸਿੰਘ,ਸਤਨਾਮ ਸਿੰਘ, ਹਰਜਿੰਦਰ ਸਿੰਘ,ਗੁਰਮੀਤ ਸਿੰਘ,ਜਸਪਾਲ ਸਿੰਘ,ਜੋਗਿੰਦਰ ਸਿੰਘ, ਤਾਰਾ ਸਿੰਘ,ਸੁਭਾਸ਼ ਚੰਦ,ਬਲਵੀਰ ਸਿੰਘ ਅਤੇ ਵੱਡੀ ਗਿਣਤੀ , 'ਆਪ' ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਪਿੰਡ ਸਾਹਿਬਾ ਵਿਖੇ ਪੰਡਿਤ ਬਾਲ ਕਿਸ਼ਨ ਜੀ ਦੀ ਅੰਤਿਮ ਅਰਦਾਸ ਵਿੱਚ ਹੋਏ ਸ਼ਾਮਿਲ

## ਪਰਿਵਾਰ ਨਾਲ ਦੁੱਖ ਸਾਂਝਾ ਕੀਤਾ, ਸਵਰਗਵਾਸੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ

**ਬਲਾਚੌਰ, 12 ਮਈ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅੱਜ ਪਿੰਡ ਸਾਹਿਬਾ ਵਿਖੇ ਪੰਡਿਤ ਬਾਲ ਕਿਸ਼ਨ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਏ। ਉਨ੍ਹਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਸਵਰਗਵਾਸੀ ਆਤਮਾ ਦੀ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਕੀਤੀ।



ਇਸ ਮੌਕੇ ਚੇਅਰਮੈਨ ਗੜ੍ਹੀ ਨੇ ਕਿਹਾ ਕਿ ਪੰਡਿਤ ਬਾਲ ਕਿਸ਼ਨ ਜੀ ਇੱਕ ਸਾਦਾ ਜੀਵਨ ਜਿਊਣ ਵਾਲੇ ਅਤੇ ਸਮਾਜ ਸੇਵਾ ਲਈ ਸਮਰਪਿਤ ਸ਼ਖ਼ਸੀਅਤ ਸਨ। ਉਨ੍ਹਾਂ ਦਾ ਦੇਹਾਂਤ ਸਮਾਜ ਲਈ ਵੱਡਾ ਘਾਟਾ ਹੈ। ਉਨ੍ਹਾਂ ਵੱਲੋਂ ਸਮਾਜਿਕ ਭਲਾਈ ਅਤੇ ਧਾਰਮਿਕ ਖੇਤਰ ਵਿੱਚ ਨਿਭਾਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਪਰਿਵਾਰ ਨੂੰ ਹਰ ਸੰਭਵ ਮਦ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਉਹ ਹਮੇਸ਼ਾ ਲੋੜਵੰਦਾਂ ਦੇ ਨਾਲ ਖੜੇ ਹਨ। ਇਸ ਮੌਕੇ ਤੇ ਮਾਸਟਰ ਚੰਨਣ ਰਾਮ, ਮਾਸਟਰ ਬਲਦੇਵ ਸਿੰਘ, ਕੁਲਦੀਪ ਸਿੰਘ, ਰਾਮ ਦਾਸ, ਜੁਗਇੰਦਰ ਸਿੰਘ, ਪਿੰਡ ਦੇ ਪਤਵੰਤੇ, ਪਰਿਵਾਰਕ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਵੱਲੋਂ 'ਮਾਂ ਦਿਵਸ ਸਨਮਾਨ ਸਮਾਗਮ' ਦਾ ਸ਼ਾਨਦਾਰ ਆਯੋਜਨ

## 'ਮਾਂ ਦਿਵਸ' ਤੇ ਮਾਵਾਂ ਨੂੰ ਸਮਰਪਿਤ ਬੇਹਤਰੀਣ ਸਨਮਾਨ ਸਮਾਰੋਹ 'ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਵੱਲੋਂ ਕਰਵਾਇਆ ਗਿਆ

**ਫ਼ਰੀਦਕੋਟ (ਸ਼ਿਵਨਾਥ )** ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਵੱਲੋਂ ਮਾਂ-ਦਿਵਸ ਨੂੰ ਸਮਰਪਿਤ 'ਮਾਂ ਦਿਵਸ ਸਨਮਾਨ ਸਮਾਰੋਹ' ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ, ਫ਼ਰੀਦਕੋਟ ਵਿਖੇ ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਦੌਰਾਨ ਸਨਮਾਨਿਤ ਕੀਤੀਆਂ ਗਈਆਂ ਸਤਿਕਾਰਯੋਗ ਮਾਵਾਂ ਵਿੱਚ ਸ਼੍ਰੀਮਤੀ ਗੁਰਮੇਲ ਕੌਰ, ਸ਼੍ਰੀਮਤੀ ਨਸੀਬ ਕੌਰ, ਸ਼੍ਰੀਮਤੀ ਗੁਰਵਿੰਦਰ ਕੌਰ, ਸ਼੍ਰੀਮਤੀ ਹਰਬੰਸ ਕੌਰ, ਸ਼੍ਰੀਮਤੀ ਮਹਿੰਦਰ ਕੌਰ, ਸ਼੍ਰੀਮਤੀ ਗੁੱਡੀ, ਸ਼੍ਰੀਮਤੀ ਗੁਰਮੀਤ ਕੌਰ, ਸ਼੍ਰੀਮਤੀ ਸੁਖਵਿੰਦਰ ਕੌਰ, ਸ਼੍ਰੀਮਤੀ ਚਰਨਜੀਤ ਕੌਰ ਆਦਿ ਦੇ ਨਾਮ ਸ਼ਾਮਿਲ ਹਨ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੀਮਤੀ ਹੀਰਾ ਵੰਤੀ (ਸੇਵਾ-ਮੁਕਤ ਨਾਇਬ ਤਹਿਸੀਲਦਾਰ) ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀਮਤੀ ਮਨਜੀਤ ਕੌਰ ਮਾਨ, ਸ਼੍ਰੀਮਤੀ ਪਰਵੰਤਾ ਦੇਵੀ, ਸ਼੍ਰੀਮਤੀ ਬਿਮਲਾ ਢੋਸੀਵਾਲ ਨੇ ਸ਼ਿਰਕਤ ਕੀਤੀ। ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਅਤੇ ਪ੍ਰਧਾਨ ਸ਼ਿਵਨਾਥ ਦਰਦੀ ਦੀ ਯੋਗ ਅਗਵਾਈ ਵਿੱਚ ਅਹੁਦੇਦਾਰਾਂ ਅਤੇ ਮੈਂਬਰਾਂ ਜਨਰਲ ਸਕੱਤਰ ਜਸਵਿੰਦਰ ਜੱਸ, ਮੀਤ ਪ੍ਰਧਾਨ ਗੁਰਜੀਤ ਹੈਰੀ ਢਿੱਲੋਂ, ਸਕੱਤਰ ਸੁਖਵੀਰ ਬਾਬਾ, ਖਜਾਨਚੀ ਕਸ਼ਮੀਰ ਮਾਨਾ, ਮੀਡੀਆ ਸਕੱਤਰ ਅਸ਼ੀਸ਼ ਕੁਮਾਰ, ਕਾਨੂੰਨੀ ਸਲਾਹਕਾਰ ਪਰਦੀਪ ਅਟਵਾਲ, ਵਿੱਤ ਸਕੱਤਰ ਕੇ.ਪੀ. ਸਿੰਘ ਸਰਾਂ, ਮੈਂਬਰ ਬੀਰ ਸਿੰਘ, ਬਲਕਾਰ ਸਹੋਤਾ ਆਦਿ ਨੇ ਇਸ ਸਮਾਗਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਯੋਗਦਾਨ ਦਿੱਤਾ। ਸਮਾਗਮ ਦੀ ਸ਼ੁਰੂਆਤ ਵਿੱਚ ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ ਨੇ ਸਨਮਾਨਯੋਗ ਮਾਵਾਂ, ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਹੁੰਚੇ ਹੋਏ ਸਭ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਮਾਂ ਦਿਵਸ ਨੂੰ ਸਮਰਪਿਤ ਆਪਣੀ ਕਵਿਤਾ 'ਮਾਂ ਤਾਂ ਆਖਿਰ ਮਾਂ ਹੈ ਹੁੰਦੀ' ਸਭ ਨਾਲ ਸਾਂਝੀ ਕੀਤੀ।



ਇਸ ਮੌਕੇ ਉੱਭਰਦੇ ਪੰਜਾਬੀ ਗਾਇਕ ਮੀਤ ਸੰਧਵਾਂ ਦਾ ਗੀਤ 'ਭੋਲੀਆਂ ਮਾਵਾਂ' ਸਭਾ ਵੱਲੋਂ ਰਿਲੀਜ਼ ਕੀਤਾ ਗਿਆ। ਪੰਜਾਬੀ ਗਾਇਕਾ ਸਰਬਜੀਤ ਕੌਰ ਨੇ ਮਾਂ ਦਿਵਸ ਨੂੰ ਸਮਰਪਿਤ ਗੀਤ ਨਾਲ ਦਰਸ਼ਕਾਂ ਨੂੰ ਭਾਵੁਕ ਕੀਤਾ। ਇਸ ਤੋਂ ਇਲਾਵਾ ਗਾਇਕ ਗੁਰਪ੍ਰੀਤ ਸਿੰਘ ਨੇ ਵੀ ਮਾਂ ਬਾਰੇ ਗੀਤ ਗਇਆ। ਸਮਾਗਮ ਦੇ ਮੁੱਖ ਵਕਤਾ ਵਜੋਂ ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਡਾ. ਨਿਰਮਲ ਕੌਸ਼ਿਕ ਨੇ 'ਮਾਂਵਾਂ ਦੀ ਸਾਡੀ ਜ਼ਿੰਦਗੀ ਵਿੱਚ ਮਹੱਤਤਾ' ਬਾਰੇ ਵਿਸਥਾਰ ਵਿੱਚ ਭਾਸ਼ਣ ਦਿੱਤਾ। ਇਸ ਮੌਕੇ ਸ. ਜਗਤਾਰ ਸਿੰਘ (ਬੀ.ਪੀ.ਈ.ਓ. ਫ਼ਰੀਦਕੋਟ), ਸ਼੍ਰੀ ਜਗਦੀਸ਼ ਰਾਏ ਢੋਸੀਵਾਲ, ਸ਼੍ਰੀ ਜਗਦੀਸ਼ ਭਾਰਤੀ, ਗੁਰਮੀਤ ਸਿੰਘ, ਸ਼੍ਰੀ ਕ੍ਰਿਸ਼ਨ, ਸ. ਹਰਪਾਲ ਸਿੰਘ, ਲੋਕ ਗਾਇਕ ਰਣਜੀਤ ਰਾਣਾ ਕੰਮੇਆਣਾ, ਲੱਕੀ ਕੰਮੇਆਣਾ, ਪੱਤਰਕਾਰ ਧਰਮ ਪਰਵਾਨਾ, ਕਿਸਾਨ ਆਗੂ ਪੰਜਾਬ ਸ਼ਰਨਜੀਤ ਸਿੰਘ ਸਰਾਂ, ਹਰਜੀਤ ਸਿੰਘ, ਪੱਪੂ ਐਮ.ਸੀ., ਕਰਮਜੀਤ ਕੌਰ, ਮਮਤਾ ਰਾਣੀ, ਅਰਮਾਨਦੀਪ ਕੌਰ, ਗਗਨ ਸਿੱਧੂ, ਲਵਪ੍ਰੀਤ ਕੌਰ ਪਿਪਲੀ, ਸੁਨੀਤਾ ਰਾਣੀ ਮਿੱਡੂ ਮਾਨ,ਵੀਰਪਾਲ ਢੁੱਡੀ , ਮਹਿਕਪ੍ਰੀਤ ਪਿਪਲੀ ,ਗੌਰਵ ਸਾਦਿਕ , ਸਿਮਰਨ ਰੁਪਈਆ ਵਾਲਾ , ਗੁਰਜੰਟ ਕਿਲਾਂ ਨੌ , ਲਵਲੀ, ਲੱਖਾ, ਸਿੰਮੀ, ਪੱਤਰਕਾਰ ਰਾਜੇਸ਼ ਬਾਗੜੀ, ਰਾਜਿੰਦਰ ਅਰੋੜਾ, ਗਗਨ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਸਹਿਰ ਦੀਆਂ ਉੱਘੀਆਂ ਸਨਮਾਨਯੋਗ ਸਖਸ਼ੀਅਤਾਂ ਵਿੱਚ ਕਵੀਆਂ ਅਤੇ ਗਾਇਕਾਂ ਨੇ ਮਾਂਵਾਂ ਦੀ ਪ੍ਰਸੰਸਾ ਵਿੱਚ ਕਵਿਤਾਵਾਂ ਅਤੇ ਗੀਤਾਂ ਦੀ ਖੂਬਸੂਰਤ ਪੇਸ਼ਕਾਰੀ ਕੀਤੀ। ਅੰਤ ਵਿੱਚ ਸਭਾ ਦੇ ਪ੍ਰਧਾਨ ਸ਼ਿਵਨਾਥ ਦਰਦੀ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਮਾਂ ਦਿਵਸ ਸਬੰਧੀ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਕ ਦੀ ਭੂਮਿਕਾ ਪਰਮਜੀਤ ਕੌਰ ਅਤੇ ਸਭਾ ਦੇ ਖਜਾਨਚੀ ਕਸ਼ਮੀਰ ਮਾਨਾ ਨੇ ਬਾਖ਼ੂਬੀ ਨਿਭਾਈ । ਮਾਂ-ਦਿਵਸ ਨੂੰ ਸਮਰਪਿਤ 'ਮਾਂ ਦਿਵਸ ਸਨਮਾਨ ਸਮਾਗਮ' ਸਫ਼ਲਤਾਪੂਰਵਕ ਸੰਪੰਨ ਹੋਇਆ।

# ਜ਼ਿਲ੍ਹੇ ਵਿੱਚ ਜਨਗਣਨਾ 15 ਮਈ ਤੋਂ 13 ਜੂਨ ਤੱਕ ਹੋਵੇਗੀ - ਡਿਪਟੀ ਕਮਿਸ਼ਨਰ

### ਸਵੈ-ਗਣਨਾ ਲਈ ਪੋਰਟਲ https://se.census.gov.in ਖੁੱਲ੍ਹਾ, ਘਰ ਬੈਠੇ ਭਰੋ ਜਾਣਕਾਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮਰਦਮਸ਼ੁਮਾਰੀ-2027 ਦਾ ਪਹਿਲਾ ਪੜਾਅ 15 ਮਈ ਤੋਂ 13 ਜੂਨ 2026 ਤੱਕ ਚਲਾਇਆ ਜਾਵੇਗਾ। ਇਸ ਦੌਰਾਨ ਘਰ-ਘਰ ਜਾ ਕੇ ਗਿਣਤੀਕਾਰ ਪਰਿਵਾਰਾਂ ਦਾ ਵੇਰਵਾ ਦਰਜ ਕਰਨਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਾਰ ਸਰਕਾਰ ਵੱਲੋਂ ਨਾਗਰਿਕਾਂ ਨੂੰ ਸਵੈ-ਗਣਨਾ ਦੀ ਸਹੂਲਤ ਵੀ ਦਿੱਤੀ ਗਈ ਹੈ। ਲੋਕ 15 ਮਈ ਤੋਂ ਪਹਿਲਾਂ ਹੀ ਆਨਲਾਈਨ ਪੋਰਟਲ https://se.census.govi.n ’ਤੇ ਆਪਣੇ ਆਧਾਰ ਨਾਲ ਲਿੰਕ ਮੋਬਾਈਲ ਨੰਬਰ ਰਾਹੀਂ ਲਾਗਇਨ ਕਰਕੇ ਪਰਿਵਾਰਕ ਜਾਣਕਾਰੀ ਖੁਦ ਭਰ ਸਕਦੇ ਹਨ। ਸਵੈ-ਗਣਨਾ ਕਰਨ ਵਾਲੇ ਘਰਾਂ ਵਿੱਚ ਗਿਣਤੀਕਾਰ ਸਿਰਫ਼ ਤਸਦੀਕ ਲਈ ਜਾਣਗੇ, ਜਿਸ ਨਾਲ ਸਮਾਂ ਅਤੇ ਮਿਹਨਤ ਦੋਵੇਂ ਬਚਣਗੇ। ਉਨ੍ਹਾਂ ਕਿਹਾ ਕਿ ਮਰਦਮਸ਼ੁਮਾਰੀ ਦੇ ਅੰਕੜੇ ਸਰਕਾਰੀ ਨੀਤੀਆਂ, ਵਿਕਾਸ ਯੋਜਨਾਵਾਂ ਅਤੇ ਫੰਡਾਂ ਦੀ ਵੰਡ ਦਾ ਆਧਾਰ ਬਣਦੇ ਹਨ। ਇਸ ਲਈ ਹਰ ਨਾਗਰਿਕ ਵੱਲੋਂ ਸਹੀ, ਪੂਰੀ ਅਤੇ ਸਮੇਂ ਸਿਰ ਜਾਣਕਾਰੀ ਦੇਣੀ ਜ਼ਰੂਰੀ ਹੈ। ਜਾਣਕਾਰੀ ਗੁਪਤ ਰੱਖੀ ਜਾਵੇਗੀ ਅਤੇ ਇਸਦੀ ਵਰਤੋਂ ਸਿਰਫ਼ ਅੰਕੜਿਆਂ ਦੇ ਵਿਸ਼ਲੇਸ਼ਣ ਲਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਖਲਾਈ ਪ੍ਰਾਪਤ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਦੀ ਤਾਇਨਾਤੀ ਕਰ ਦਿੱਤੀ ਗਈ ਹੈ। ਸ਼ਹਿਰੀ ਅਤੇ ਪੇਂਡੂ ਖੇਤਰਾਂ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ, ਪੰਚਾਇਤਾਂ ਅਤੇ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਮਰਦਮਸ਼ੁਮਾਰੀ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਸਰਕਾਰੀ ਸਟਾਫ਼ ਨੂੰ ਸਹਿਯੋਗ ਦੇਣ ਤਾਂ ਜੋ 100 ਫ਼ੀਸਦੀ ਗਣਨਾ ਯਕੀਨੀ ਬਣਾਈ ਜਾ ਸਕੇ।

# 2027 'ਚ ਸ਼੍ਰੋਮਣੀ ਅਕਾਲੀ ਦਲ (ਬ) ਭਾਰੀ ਲੀਡ ਨਾਲ ਜਿੱਤ ਕੇ ਸਰਕਾਰ ਬਣਾਵੇਗੀ - ਸੰਦੀਪ ਚੌਧਰੀ ਹਨੀ ਟੌਂਸਾ



**ਨਵਾਂਸ਼ਹਿਰ /ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ )** ਬਲਾਚੌਰ ਤੋਂ ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਨੇ ਚੋਣ ਸਰਗਰਮੀਆਂ ਤੇਜ ਕਰਦੇ ਹੋਏ ਪਿੰਡਾਂ ਵਿੱਚ ਨੁਕੜ ਬੈਠਕਾ ਤੇ ਸਾਂਝੀਆਂ ਸੱਥਾਂ ਤੇ ਬਜ਼ੁਰਗਾਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤੀ । ਉਨ੍ਹਾਂ ਕਿਹਾ ਕਿ ਆਉਣ ਵਾਲੇ 2027 ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਭਾਰੀ ਲੀਡ ਨਾਲ ਜਿੱਤ ਹਾਸਿਲ ਕਰਕੇ ਸਰਕਾਰ ਬਣਾਵੇਗੀ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ(ਬ) ਦੀ ਸਰਕਾਰ ਬਨਣ ਤੇ ਕਿਸਾਨਾਂ ਨੂੰ ਮੁਫ਼ਤ ਟਿਊਬਵੈਲਾਂ ਦੇ ਕੁਨੈਕਸ਼ਨ ਦਿੱਤੇ ਜਾਣਗੇ, ਲਾਲ ਲਕੀਨ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਨੂੰ ਮਾਲਕੀ ਹੱਕ ਦਿੱਤੇ ਜਾਣਗੇ, ਪਾਈਪ ਲਾਈਨ ਰਾਹੀ ਖੇਤੀਬਾੜੀ ਲਈ ਪਾਣੀ ਦਿੱਤਾ ਜਾਵੇਗਾ । ਜ਼ਮੀਨਾਂ ਦੀ ਮੁਫਤ ਵਿੱਚ ਤਕਸੀਮ ਕਰਵਾਈ ਜਾਵੇਗੀ । ਦਰਿਆਵਾਂ ਦੇ ਕੰਢਿਆਂ ਨੂੰ ਪੱਕਾ ਕਰਕੇ ਪੰਜਾਬ ਨੂੰ ਹੜਾ ਦੀ ਮਾਰ ਤੋਂ ਬਚਾਇਆ ਜਾਵੇਗਾ । ਸੁਖਬੀਰ ਸਿੰਘ ਬਾਦਲ ਵਲੋਂ ਲੋਕਾਂ ਦੀ ਬੰਦ ਪਈ ਆਟਾ ਦਾਲ ਸਕੀਮ ਨੂੰ ਫਿਰ ਤੋਂ ਬਹਾਲ ਕੀਤਾ ਜਾਵੇਗਾ ।ਸ਼ਗਨ ਸਕੀਮ ਇਕ ਲੱਖ ਰੁਪਏ ਦਿੱਤਾ ਜਾਵੇਗਾ । ਬੁਢਾਪਾ ਪੈਨਸ਼ਨ 3100 ਰੁਪਏ ਦਿੱਤੀ ਜਾਵੇਗੀ । ਉਨ੍ਹਾਂ ਕਿਹਾ ਕਿ ਸਰਕਾਰ ਬਨਣ ਤੇ ਨੌਜਵਾਨਾਂ ਨੂੰ 10 ਲੱਖ ਰੁਪਏ ਤੱਕ ਦਾ ਵਿਆਜ਼ ਰਹਿਤ ਕਰਜ਼ਾ ਦਿੱਤਾ ਜਾਵੇਗਾ । ਹਰ ਵਿਧਾਨ ਸਭਾ ਵਿੱਚ ਇਕ ਮੈਡੀਕਲ ਕਾਲਜ , ਵੈਟਨਰੀ ਕਾਲਜ਼ ਤੇ ਸਕਿਲ ਯੂਨੀਵਰਸਿਟੀ ਬਣਾਈਆਂ ਜਾਣਗੀਆਂ । ਵਿਸ਼ਵ ਕਬੱਡੀ ਕੱਪ ਫਿਰ ਤੋਂ ਕਰਵਾਏ ਜਾਣਗੇ । ਪਸ਼ੂ ਧੰਨ ਮੇਲੇ ਤੇ ਮੁਕਾਬਲੇ ਫਿਰ ਸ਼ੁਰੂ ਕਰਵਾਏ ਜਾਣਗੇ । ਮਾਰਵਾੜੀ ਘੋੜਿਆਂ ਅਤੇ ਕਬੂਤਰਬਾਜ਼ੀ ਦੇ ਵੱਡੇ ਪੱਧਰ ਤੇ ਮੁਕਾਬਲੇ ਕਰਵਾਏ ਜਾਣਗੇ । ਪੰਜਾਬ ਨੂੰ ਵਿਸ਼ਵ ਪੱਧਰੀ ਟੂਰਿਜ਼ਮ ਵਜੋਂ ਵਿਕਸਿਤ ਕੀਤਾ ਜਾਵੇਗਾ । ਉਨ੍ਹਾਂ ਨੇ ਮਹਿਲਾਵਾਂ , ਬਜ਼ੁਰਗਾਂ ਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ ) ਨੂੰ ਭਾਰੀ ਬਹੁਮਤ ਦੇਕੇ ਕਾਮਯਾਬ ਬਣਾਉ ।

# 650ਵੀਂ ਸ਼ਤਾਵਦੀ ਮਨਾਉਣ ਤੋਂ ਪਹਿਲਾਂ ਸਰਕਾਰ ਸ੍ਰੀ ਖੁਰਾਲਗੜ ਸਾਹਿਬ ਦੀਆਂ ਸੜਕਾਂ ਬਣਾਵੇ - ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

### ਮੁੱਖ ਮੰਤਰੀ ਪੰਜਾਬ, ਵਿੱਤ ਮੰਤਰੀ,ਡਿਪਟੀ ਸਪੀਕਰ,ਸੈਰ ਸਪਾਟਾ ਤੇ ਸਭਿਆਚਾਰ ਮੰਤਰੀ ਨੂੰ ਕੀਤੀ ਅਪੀਲ



**ਹੁਸ਼ਿਆਰਪੁਰ 11 ਮਈ ( ਤਰਸੇਮ ਦੀਵਾਨਾ )** ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਦੇ ਦਰਸ਼ਨਾਂ ਲਈ ਹਰ ਸਾਲ ਲੱਖਾਂ ਸ਼ਰਧਾਲੂ ਆਉਂਦੇ ਹਨ, ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਜਥੇਬੰਦੀਆਂ ਵਲੋਂ ਜਿਥੇ ਸ੍ਰੀ ਖੁਰਾਲਗੜ ਸਾਹਿਬ ਨੂੰ ਸ਼ਰਾਬ ਦੇ ਠੇਕੇ ਬੰਦ ਕਰਕੇ ਨਸ਼ਿਆਂ ਤੋਂ ਰਹਿਤ ਕਰਕੇ ਪਵਿੱਤਰ ਅਸਥਾਨ ਐਲਾਨ ਕਰਨ ਦੀ ਮੰਗ ਪਿਛਲੇ ਸਮੇਂ ਤੋਂ ਉੱਠਦੀ ਆ ਰਹੀ ਹੈ ਓਥੇ ਹੀ ਇਥੋਂ ਦੀਆਂ ਸੜਕਾਂ ਜੋ ਰੋਜ਼ਾਨਾ ਆਉਣ ਵਾਲੀਆਂ ਸੰਗਤਾਂ ਲਈ ਵੱਡੀ ਪ੍ਰੇਸ਼ਾਨੀ ਪੈਦਾ ਕਰ ਰਹੀਆਂ ਹਨ ਬਲਕਿ ਆਏ ਦਿਨ ਦੁਰਘਟਨਾਵਾਂ ਨੂੰ ਜਨਮ ਦੇ ਕੇ ਅਜਾਈਂ ਮੌਤਾਂ ਦਾ ਕਾਰਨ ਵੀ ਬਣ ਰਹੀਆਂ ਹਨ। ਪੰਜਾਬ ਸਰਕਾਰ ਦਾ ਧਿਆਨ ਇਸ ਪਾਸੇ ਕੇਂਦਰਤ ਕਰਨ ਲਈ ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਲੁਧਿਆਣਾ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ, ਮੁੱਖ ਸੇਵਾਦਾਰ ਸ੍ਰੀ ਚਰਨਛੋਹ ਗੰਗਾ ਸੱਚਖੰਡ ਬੇਗਮਪੁਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਡਿਪਟੀ ਸਪੀਕਰ ਜੈ ਕਿਸ਼ਨ ਰੌੜੀ ਅਤੇ ਸੈਰ ਸਪਾਟਾ ਅਤੇ ਸਭਿਆਚਾਰ ਮਾਮਲਿਆਂ ਦੇ ਸਲਾਹਕਾਰ ਕੈਬਨਿਟ ਮੰਤਰੀ ਦੀਪਕ ਬਾਲੀ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੀਂ ਜਨਮ ਸ਼ਤਾਵਦੀ ਮਨਾਉਣ ਤੋਂ ਪਹਿਲਾਂ ਸਰਕਾਰ ਸ੍ਰੀ ਖੁਰਾਲਗੜ ਸਾਹਿਬ ਦੀਆਂ ਸੜਕਾਂ ਬਣਾਵੇ। ਇਨਾਂ ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਸ੍ਰੀ ਬੇਗਮਪੁਰਾ ਚੌਂਕ ਤੋਂ ਖੁਰਾਲਗੜ੍ਹ ਤੱਕ ਸੜਕ ਨੂੰ ਚਾਰ ਮਾਰਗੀ ਕਰਕੇ ਘਟੋ ਘਟ 100 ਫੁੱਟ ਚੌੜਾ ਕੀਤਾ ਜਾਵੇ ਅਤੇ ਉਤਰਾਈ ਉਤਰਦੇ ਖੱਡ ਵਾਲੇ ਪਾਸੇ 20 ਫੁੱਟ ਉੱਚੇ ਗਾਡਰ ਲਗਾਏ ਜਾਣ। ਉਨਾਂ ਕਿਹਾ ਇਸ ਸੜਕ ਤੇ ਹੁਣ ਤੱਕ ਦੁਘਟਨਾਵਾਂ ਵਿੱਚ ਕਈ ਸ਼ਰਧਾਲੂਆਂ ਦੀਆਂ ਕੀਮਤੀ ਜਾਨਾਂ ਅਜਾਈਂ ਜਾ ਚੁੱਕੀਆਂ ਹਨ,ਇਨਾਂ ਨੂੰ ਰੋਕਣ ਲਈ ਇਸ ਉੱਚੀ ਚੜਾਈ ਨੂੰ ਘੱਟ ਕਰਕੇ ਸਹੀ ਲੈਬਲ ਤੇ ਕੀਤਾ ਜਾਵੇ। ਉਨਾਂ ਕਿਹਾ ਕਿ ਇਹ ਰਸਤਾ ਬਹੁਤ ਖਤਰਨਾਕ ਹੈ ਇਥੇ ਪਹਿਲਾਂ ਕਈ ਐਕਸੀਡੈਂਟ ਹੋ ਚੁੱਕੇ ਹਨ ਤੇ ਅਨੇਕਾਂ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਖਤਰਨਾਕ ਰੋਡ ਨੂੰ ਵੱਡੀਆਂ ਗੱਡੀਆਂ ਲਈ ਬੰਦ ਕੀਤਾ ਜਾਵੇ ਅਤੇ ਟਰੈਫਿਕ ਪੁਲਿਸ ਦੀ ਨਿਗਰਾਨੀ ਲਈ ਪੱਕੀ ਡਿਊਟੀ ਲਗਾਈ ਜਾਵੇ ਤਾਂ ਦੁਰਘਟਨਾਵਾਂ ਤੋਂ ਬਚਾਅ ਹੋ ਸਕੇ। ਸੰਤ ਸਰਵਣ ਦਾਸ,ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ 11 ਅਪ੍ਰੈਲ ਨੂੰ ਚੰਡੀਗੜ ਵਿਖੇ ਸਾਧੂ ਸਮਾਜ ਦੀ ਬੁਲਾਈ ਮੀਟਿੰਗ ਵਿੱਚ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਵਲੋਂ ਲੋਕਾਂ ਦੇ ਜਾਨੀ ਮਾਲੀ ਨੁਕਸਾਨ ਤੋਂ ਬਚਾਅ ਲਈ ਸ੍ਰੀ ਖੁਰਾਲਗੜ ਸਾਹਿਬ ਵਿਖੇ ਡੈਮ ਦੇ ਪ੍ਰੋਜੈਕਟ ਦੀ ਉਸਾਰੀ ਦੀ ਮੰਗ ਕੀਤੀ ਸੀ, ਜਿਸ ਉੱਤੇ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ। ਉਨਾਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਇਸ ਪ੍ਰੋਜੈਕਟ ਲਈ ਕਾਰਜ ਆਰੰਭ ਕੀਤੇ ਜਾਣ ਤਾਂ ਕਿ ਭਾਰੀ ਹੜਾਂ ਦੀ ਤ੍ਰਾਸਦੀ ਤੋਂ ਲੋਕਾਂ ਨੂੰ ਰਾਹਿਤ ਦੀ ਆਸ ਬਣ ਸਕੇ।

ਫੋਟੋ ਅਜਮੇਰ ਦੀਵਾਨਾ

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 8 ’ਚ 58 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 8 ਵਿਚ ਕਰੀਬ 58 ਲੱਖ ਰੁਪਏ ਦੀ ਲਾਗਤ ਨਾਲ ਸਵਾ ਦੋ ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਨਗਰ ਨਿਗਮ ਵਲੋਂ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਬਿਨਾ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਬੇਹਤਰ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣਾ ਉਨ੍ਹਾਂ ਦੀ ਤਰਜ਼ੀਹ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਵਾਰਡ ਨੰਬਰ 8 ਦੇ ਵਿਕਾਸ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਮੌਜੂਦਾ ਕਾਰਜਕਾਲ ਦੌਰਾਨ ਇਸ ਵਾਰਡ ਵਿਚ ਹੁਣ ਤੱਕ ਲਗਭਗ ਢਾਈ ਕਰੋੜ ਰੁਪਏ ਦੀ ਰਾਸ਼ੀ ਵੱਖ-ਵੱਖ ਵਿਕਾਸ ਕੰਮਾਂ ’ਤੇ ਖਰਚ ਕੀਤੀ ਜਾ ਚੁੱਕੀ ਹੈ। ਇਸ ਵਿਚ ਸੜਕ ਨਿਰਮਾਣ, ਗਲੀਆਂ ਦੀ ਮੁਰੰਮਤ, ਸੀਵਰੇਜ ਵਿਵਸਥਾ ਅਤੇ ਹੋਰ ਲੋਕ ਹਿੱਤ ਦੇ ਕੰਮ ਸ਼ਾਮਲ ਹਨ।

# ਸੁਖਬੀਰ ਬਾਦਲ ਨੇ ਹਰਪ੍ਰੀਤ ਸਿੰਘ ਸਿਮਕ ਦੇ ਮੁੱਖ ਦਫਤਰ ਦਾ ਕੀਤਾ ਉਦਘਾਟਨ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਲ ਦੇ ਇਨਚਾਰਜ ਸਾਬਕਾ ਜੱਜ ਹਰਪ੍ਰੀਤ ਸਿੰਘ ਸਿਮਕ ਦੇ ਦਫਤਰ ਦਾ ਉਦਘਾਟਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੇ, ਸ਼੍ਰੋਮਣੀ ਅਕਾਲੀ ਦਲ ਦੇ ਆਗੂ, ਵਰਕਰਾਂ ਤੇ ਸਮਰਥਕਾਂ ਦੇ ਸਨਮੁੱਖ ਹੁੰਦੇ ਹੋਏ ਹਲਕਾ ਇਨਚਾਰਜ ਸਾਬਕਾ ਜੱਜ ਹਰਪ੍ਰੀਤ ਸਿੰਘ ਸਿਮਕ ਦੀ




ਤਾਰੀਫ ਕਰਦਿਆਂ ਕਿਹਾ, ਕਿ ਮੈਂ ਹਰ ਰੋਜ਼ ਦੇਖਦਾ ਹਾਂ, ਕਿ ਹਲਕਾ ਗਿੱਲ ਦੇ ਵਰਕਰ ਬਹੁਤ ਮਿਹਨਤ ਕਰ ਰਹੇ ਹਨ। ਅੱਜ ਲੋੜ ਹੈ ਪੰਜਾਬ ਨੂੰ ਬਚਾਉਣ ਦੀ ਪੰਜਾਬ ਨੂੰ ਖੇਤਰੀ ਪਾਰਟੀ ਹੀ ਬਚਾ ਸਕਦੀ ਹੈ। ਪਹਿਲਾ ਕਾਂਗਰਸੀ ਲੁਟੇਰੇ ਸੀ ਅਤੇ ਹੁਣ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਨੂੰ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਤਰੱਕੀ ਸਿਰਫ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਹੋਈ ਹੈ। ਉਦਘਾਟਨੀ ਸਮਾਗਮ ਮੌਕੇ ਸਾਬਕਾ ਜੱਜ ਹਰਪ੍ਰੀਤ ਸਿੰਘ ਸਿਮਕ ਤੇ ਆਗੂਆਂ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਵਾਟਰ ਬੌਰਨ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਐਕਸ਼ਨ ਮੋਡ 'ਚ : ਜ਼ਿਲ੍ਹਾ ਐਪੀਡੀਮੋਲੋਜਿਸਟ ਸ੍ਰੀਮਤੀ ਸ਼ਿਆਮਾ ਦੇਵੀ ਬੇਦਾ

## ਸਿਵਲ ਸਰਜਨ ਦਫ਼ਤਰ ਵਿਖੇ ਅਹਿਮ ਮੀਟਿੰਗ, ਫੀਲਡ ਸਟਾਫ ਨੂੰ ਜਾਰੀ ਹੋਏ ਨਿਰਦੇਸ਼

**ਨਵਾਂਸ਼ਹਿਰ, 12 ਮਈ (ਮਨੋਰੰਜਨ ਕਾਲੀਆ) :** ਗਰਮੀ ਅਤੇ ਆਉਣ ਵਾਲੇ ਬਰਸਾਤੀ ਮੌਸਮ ਦੌਰਾਨ ਵਾਟਰ ਬੌਰਨ ਬਿਮਾਰੀਆਂ ਦੇ ਸੰਭਾਵਿਤ ਖਤਰੇ ਨੂੰ ਦੇਖਦਿਆਂ ਜ਼ਿਲ੍ਹਾ ਸਿਹਤ ਵਿਭਾਗ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਰੋਕਥਾਮ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਐਪੀਡਮੋਲੋਜਿਸਟ (ਆਈ.ਡੀ.ਐੱਸ.ਪੀ.) ਸ੍ਰੀਮਤੀ ਸ਼ਿਆਮਾਦੇਵੀਬੇਦਾ ਦੀ ਅਗਵਾਈ ਹੇਠ ਸਿਵਲ ਸਰਜਨ ਦਫ਼ਤਰ ਵਿਖੇ ਵਾਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਅਤੇ ਬਚਾਅ ਸਬੰਧੀ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਸਿਹਤ ਬਲਾਕ ਮੁਜ਼ੱਫਰਪੁਰ ਦੇ ਸਮੂਹ ਹੈਲਥ ਸੁਪਰਵਾਈਜ਼ਰਾਂ ਅਤੇ ਅਰਬਨ ਨਵਾਂਸ਼ਹਿਰ ਤੋਂ ਐੱਲ.ਐੱਚ.ਵੀਜ਼, ਏ.ਐੱਨ.ਐੱਮਜ਼ ਅਤੇ ਆਸ਼ਾ ਵਰਕਰਾਂ ਨੇ ਭਾਗ ਲਿਆ। ਸ੍ਰੀਮਤੀ ਸ਼ਿਆਮਾਦੇਵੀਬੇਦਾ ਨੇ ਡਾਇਰੀਆ, ਗੈਸਟ੍ਰੋਐਂਟਰਾਈਟਿਸ, ਟਾਈਫਾਇਡ ਅਤੇ ਹੈਪਾਟਾਈਟਿਸ-ਏ/ਈ ਵਰਗੀਆਂ ਬਿਮਾਰੀਆਂ ਦੀ ਰੋਕਥਾਮ ਲਈ ਫੀਲਡ ਪੱਧਰ



'ਤੇ ਤੁਰੰਤ ਕਾਰਵਾਈਆਂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਵਾਟਰ ਸੈਂਪਲਿੰਗ, ਕਲੋਰੀਨੇਸ਼ਨ ਅਤੇ ਪਾਣੀ ਦੇ ਸਰੋਤਾਂ ਦੀ ਸਾਫ-ਸਫਾਈ ਨੂੰ ਪ੍ਰਾਥਮਿਕਤਾ ਦਿੱਤੀ ਜਾਵੇ। ਉਨ੍ਹਾਂ ਨੇ ਸਿਹਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਜਨਤਕ ਥਾਵਾਂ 'ਤੇ ਸਫਾਈ ਪ੍ਰਬੰਧ ਮਜ਼ਬੂਤ ਕੀਤੇ ਜਾਣ ਅਤੇ ਲੋਕਾਂ ਨੂੰ ਸਾਫ ਪਾਣੀ ਅਤੇ ਸਾਫ-ਸੁਥਰੇ ਖਾਣ-ਪੀਣ ਸਬੰਧੀ ਜਾਗਰੂਕ ਕੀਤਾ ਜਾਵੇ। ਨਾਲ ਹੀ ਸਿਹਤ ਸੰਸਥਾਵਾਂ ਵਿੱਚ ਓ.ਆਰ.ਐੱਸ. ਪੈਕਟ, ਕਲੋਰੀਨ ਗੋਲੀਆਂ, ਲੋੜੀਂਦੀਆਂ ਦਵਾਈਆਂ ਅਤੇ ਹੋਰ ਜ਼ਰੂਰੀ ਸਮੱਗਰੀ ਦੀ ਉਪਲੱਬਧਤਾ ਹਰ ਹਾਲਤ ਵਿੱਚ ਯਕੀਨੀ ਬਣਾਉਣ ਦੇ ਆਦੇਸ਼ ਵੀ ਜਾਰੀ ਕੀਤੇ ਗਏ। ਮੀਟਿੰਗ ਦੌਰਾਨ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਕਿਸੇ ਵੀ ਵਾਟਰ ਬੌਰਨ ਬਿਮਾਰੀ ਦੇ ਕੇਸ ਜਾਂ ਆਊਟਬ੍ਰੇਕ ਦੀ ਸੂਚਨਾ ਤੁਰੰਤ ਆਈ.ਡੀ.ਐੱਸ.ਪੀ. ਯੂਨਿਟ ਨੂੰ ਭੇਜੀ ਜਾਵੇ ਤਾਂ ਜੋ ਸਮੇਂ ਸਿਰ ਪ੍ਰਭਾਵਸ਼ਾਲੀ ਕੰਟਰੋਲ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਿਰਫ ਸਾਫ ਅਤੇ ਉਬਾਲਿਆ ਹੋਇਆ ਪਾਣੀ ਹੀ ਵਰਤਣ, ਖਾਣ-ਪੀਣ ਦੀ ਸਫਾਈ ਦਾ ਖਾਸ ਧਿਆਨ ਰੱਖਣ ਅਤੇ ਬਿਮਾਰੀ ਦੇ ਲੱਛਣ ਦਿਖਾਈ ਦੇਣ 'ਤੇ ਤੁਰੰਤ ਨੇੜਲੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਨ।ਇਸ ਮੌਕੇ ਹੈਲਥ ਇੰਸਪੈਕਟਰ ਰਾਜੀਵ ਕੁਮਾਰ, ਜੋਗਿੰਦਰਪਾਲ ਸਿੰਘ ਅਤੇ ਡੀ.ਈ.ਓ. ਸੁਨੀਤਾ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

# ਮਹਿਲਾਵਾਂ ਨੂੰ 1000-1500 ਰੁਪਏ ਦੇਣ ਦੀ ਰਜਿਸਟ੍ਰੇਸ਼ਨ ਸ਼ੁਰੂ ਕਰਨ ਵਾਲਾ ਪਹਿਲਾ ਹਲਕਾ ਬਣਿਆ ਚੱਬੇਵਾਲ - ਵਿਧਾਇਕ ਡਾ ਇਸ਼ਾਂਕ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਅੱਜ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ "ਮਾਵਾਂ-ਧੀਆਂ ਸਤਿਕਾਰ ਯੋਜਨਾ" ਤਹਿਤ ਮਹਿਲਾ ਸਖੀਆਂ ਦੀ ਟ੍ਰੇਨਿੰਗ ਅਤੇ ਤਿਆਰੀ (ਪ੍ਰੀਪਰੇਟਰੀ) ਮੀਟਿੰਗਾਂ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਅੱਜ ਦਾ ਦਿਨ ਪੂਰੀ ਤਰ੍ਹਾਂ ਟ੍ਰੇਨਿੰਗ ਅਤੇ ਪ੍ਰੀਪਰੇਟਰੀ ਸੈਸ਼ਨਾਂ ਲਈ ਸਮਰਪਿਤ ਰਿਹਾ ਅਤੇ ਕੱਲ੍ਹ ਤੋਂ ਚੱਬੇਵਾਲ ਹਲਕੇ ਦੀਆਂ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਅਧਿਕਾਰਕ ਤੌਰ 'ਤੇ ਸ਼ੁਰੂ ਹੋਵੇਗੀ। ਉਨ੍ਹਾਂ ਦੱਸਿਆ ਕਿ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੂਰੇ ਪੰਜਾਬ ਵਿੱਚ ਇਹ ਯੋਜਨਾ ਲਾਗੂ ਕੀਤੀ ਜਾ ਰਹੀ ਹੈ, ਜਿਸ ਤਹਿਤ ਮਹਿਲਾਵਾਂ ਨੂੰ ₹1000 ਅਤੇ ਐਸ.ਸੀ. ਵਰਗ ਦੀਆਂ ਮਹਿਲਾਵਾਂ ਨੂੰ ₹1500 ਪ੍ਰਤੀ ਮਹੀਨਾ ਦਿੱਤਾ ਜਾਣਾ ਹੈ। ਉਨ੍ਹਾਂ ਨੇ ਦੱਸਿਆ ਕਿ ਹਲਕੇ ਵਿੱਚ ਤਿਆਰ ਕੀਤੀਆਂ ਗਈਆਂ ਸਖੀਆਂ ਦੀ ਟੀਮ ਘਰ-ਘਰ ਜਾ ਕੇ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਵੇਗੀ, ਤਾਂ ਜੋ ਹਰ ਹੱਕਦਾਰ ਮਹਿਲਾ ਇਸ ਯੋਜਨਾ ਦਾ ਲਾਭ ਲੈ ਸਕੇ। ਡਾ. ਇਸ਼ਾਂਕ ਕੁਮਾਰ



ਨੇ ਕਿਹਾ ਕਿ ਉਹਨਾਂ ਦੀ ਵਚਨਬੱਧਤਾ ਹੈ ਆਪਣੇ ਹਲਕਾ ਵਾਸੀਆਂ ਦੀ ਸੇਵਾ ਲਈ ਹਮੇਸ਼ਾ ਅੱਗੇ ਰਹਿਣਾ - ਉਹ ਭਾਵੇਂ ਹਲਕਾ ਚੱਬੇਵਾਲ ਦਾ ਵਿਕਾਸ ਹੋਵੇ ਜਾਂ ਸਰਕਾਰੀ ਯੋਜਨਾਵਾਂ ਨੂੰ ਸਭ ਤੋਂ ਪਹਿਲਾਂ ਆਪਣੇ ਹਲਕਾ ਵਾਸੀਆਂ ਤੱਕ ਪਹੁੰਚਾਉਣਾ । ਉਹਨਾਂ ਕਿਹਾ ਕਿ ਸਾਡੀ ਮਿਹਨਤੀ ਸ਼ਾਨਦਾਰ ਟੀਮ ਦੀ ਬਦੌਲਤ ਹੀ ਚੱਬੇਵਾਲ ਹਮੇਸ਼ਾ ਪਹਿਲੇ ਨੰਬਰ 'ਤੇ ਰਹਿੰਦਾ ਹੈ ਅਤੇ ਆਪਣੀ ਸਮੂਹ ਟੀਮ ਦਾ ਧੰਨਵਾਦ ਕੀਤਾ । ਉਹਨਾਂ ਕਿਹਾ ਕਿ ਆਪ ਸਰਕਾਰ ਦੀ ਮਹਿਲਾਵਾਂ ਲਈ ਲਿਆਂਦੀ ਗਈ ਇਸ ਬੇਹੱਦ ਮਹੱਤਵਪੂਰਨ ਯੋਜਨਾ ਦੇ ਸਬੰਧ ਵਿਚ ਵੀ ਚੱਬੇਵਾਲ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਹਲਕਿਆਂ 'ਚੋਂ ਅੱਗੇ ਹੈ । ਹੁਸ਼ਿਆਰਪੁਰ ਜ਼ਿਲ੍ਹੇ ਵਿਚ ਚੱਬੇਵਾਲ ਪਹਿਲਾ ਹਲਕਾ ਬਣ ਗਿਆ ਹੈ ਜੋ ਇਸ ਸਕੀਮ ਤਹਿਤ ਸਖੀਆਂ ਦੀ ਟ੍ਰੇਨਿੰਗ ਪੂਰੀ ਕਰਣ ਅਤੇ ਇਹਨਾਂ ਸਖੀਆਂ ਰਾਹੀਂ ਰਜਿਸਟ੍ਰੇਸ਼ਨ ਪ੍ਰਕਿਰਿਆ ਕੱਲ੍ਹ 12 ਮਈ ਤੋਂ ਸ਼ੁਰੂ ਕਰ ਰਿਹਾ ਹੈ। ਡਾ. ਇਸ਼ਾਂਕ ਨੇ ਇਕ ਵਾਰ ਫਿਰ ਆਪਣੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹਨਾਂ ਨੂੰ ਯਕੀਨ ਹੈ ਕਿ ਸਾਡੀ ਟੀਮ ਪੂਰੀ ਤਨਦੇਹੀ ਨਾਲ ਕੰਮ ਕਰਕੇ ਜਲਦੀ ਹੀ ਚੱਬੇਵਾਲ ਦੀਆ ਸਾਰੀਆਂ ਯੋਗ ਲਾਭਪਾਤਰੀ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕ੍ਰਿਆ ਪੂਰੀ ਕਰ ਦੇਵੇਗੀ ਅਤੇ ਮੇਰੀਆਂ ਚੱਬੇਵਾਲ ਦੀਆਂ ਮਾਵਾਂ-ਭੈਣਾਂ ਦੇ ਖਾਤਿਆਂ ਵਿੱਚ ਜਲਦ ਹੀ ਉਹਨਾਂ ਦੇ ਹੱਕ ਦੇ 1000 ਅਤੇ 1500 ਰੁਪਏ ਆਉਣੇ ਸ਼ੁਰੂ ਹੋ ਜਾਣਗੇ।

# 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਬਿਗ੍ਰੇਡੀਅਰ ਰਾਜ ਕੁਮਾਰ ਵਲੋਂ ਹਲਕੇ ਵਿੱਚ ਮੀਟਿੰਗਾਂ ਦੌਰ ਵੱਡੇ ਪੱਧਰ ਤੇ ਲਗਾਤਾਰ ਜਾਰੀ

**ਨਵਾਂਸ਼ਹਿਰ /ਕਾਠਗੜ੍ਹ 12 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿਧਾਨ ਸਭਾ ਹਲਕਾ ਬਲਾਚੌਰ ਤੋਂ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਅਤੇ ਆਪ ਦੇ ਸੀਨੀਅਰ ਆਗੂ ਬਿਗ੍ਰੇਡੀਅਰ ਰਾਜ ਕੁਮਾਰ ਵਲੋਂ 2027 ਦੇ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼ ਕੀਤੀਆ ਜਾ ਚੁੱਕੀਆ ਹਨ ਙ ਉਨ੍ਹਾਂ ਵਲੋਂ ਪਿੰਡ ਪਿੰਡ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾਹੈ ਙ ਜਿਸ ਦੇ ਚੱਲਦੇ ਉਨ੍ਹਾਂ ਨੇ ਕੱਲ ਹਲਕਾ ਬਲਾਚੌਰ ਦੇ ਪਿੰਡ ਛਦੋੜੀ ਦੇ ਸਰਪੰਚ ਚਰਨ ਸਿੰਘ ਅਤੇ ਪਿੰਡ ਦੀਆਂ ਮੋਹਤਵਾਰ ਸ਼ਖਸੀਅਤਾਂ ਨੂੰ ਉੱਚੇਚੇ ਤੌਰ ਤੇ ਬੁਲਾ ਕੇ ਰਾਬਤਾ ਕਾਇਮ ਕੀਤਾ ਜਿਸ ਵਿੱਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਸਿਹਤ, ਸਿੱਖਿਆ, ਜ਼ਿਮੀਦਾਰਾਂ ਦੇ ਬੰਜਰ ਖੇਤਾਂ ਵਿਚ ਲਿਫਟ ਇਰੀਗੇਸ਼ਨ ਅਤੇ ਕੰਢੀ ਨਹਿਰ ਦਾ ਪਾਣੀ ਪਹੁੰਚਾਉਣਾ,ਸਿਹਤ ਬੀਮਾ,ਮੈਰਿਟ ਤੇ ਨੌਕਰੀਆਂ,ਫਰੀ ਬਿਜਲੀ,ਬੀਬੀਆਂ ਨੂੰ



ਮਾਣ ਭੱਤਾ ਵਗੈਰਾ ਅਤੇ ਹੋਰ ਸਰਕਾਰ ਵਲੋਂ ਉਪਲਬਧ ਕੀਤੀਆ ਸੁਵਿਧਾਵਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਛਦੋੜੀ ਦੇ ਸਰਪੰਚ ਚਰਨ ਸਿੰਘ ਨੇ ਬਿਗ੍ਰੇਡੀਅਰ ਰਾਜ ਕੁਮਾਰ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੂਰਣ ਸਹਿਯੋਗ ਦੇਣ ਦਾ ਵਾਅਦਾ ਕੀਤਾ ਙ ਇਸ ਮੌਕੇ ਕਸ਼ਮੀਰ ਸਿੰਘ, ਰਾਣਾ ਗੁਰਨਾਮ ਸਿੰਘ, ਰਾਣਾ ਸੰਦੀਪ ਸਿੰਘ, ਕੇਵਲ ਸਿੰਘ, ਪਾਲ ਸਿੰਘ, ਬਲਿਹਾਰ ਸਿੰਘ, ਸੁੱਲਖਣ ਸਿੰਘ, ਕੈਪਟਨ ਭਗਤ ਰਾਮ ਓਮ ਪ੍ਰਕਾਸ਼ ਸਮੇਤ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੰਜਾਬ ਕਾਂਗਰਸ ਵੱਲੋ ਹਰੀਪੁਰ ਨੱਗਰ ਕੋਸਲ ਚੋਣਾਂ ਲਈ ਮੋਰਿੰਡਾ ਦੇ ਆਬਜਰਵਰ ਨਿਯੁਕਤ

**ਰੂਪਨਗਰ -12 ਮਈ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੂਥ ਕਾਂਗਰਸ ਰੋਪੜ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਹਰੀਪੁਰ ਨੂੰ ਨਗਰ ਕੌਂਸਲ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਮੋਰਿੰਡਾ ਦਾ ਚੋਣ ਇੰਚਾਰਜ਼ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕੀਤੀ ਗਈ ਹੈ। ਆਪਣੀ ਨਿਯੁਕਤੀ ਬਾਰੇ ਸੁਰਿੰਦਰ ਸਿੰਘ ਹਰੀਪੁਰ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਸੌਂਪੀ ਗਈ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪੂਰੇ ਪਾਰਦਰਸ਼ੀ ਢੰਗ ਨਾਲ ਨਗਰ ਕੌਂਸਲ ਚੋਣਾਂ ਲਈ ਮੋਰਿੰਡਾ ਤੋਂ ਉਮੀਦਵਾਰਾਂ ਦੀ ਚੋਣ ਕਰਕੇ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ। ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੀ ਸ਼ਾਨਦਾਰ ਜਿੱਤ ਲਈ ਕਾਂਗਰਸੀ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਕਾਬਲੇ ਮਗੌਰ ਹੈ ਕਿ ਸੁਰਿੰਦਰ ਸਿੰਘ ਹਰੀਪੁਰ ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਦੀ ਸੇਵਾ ਕਰ ਰਹੇ ਹਨ ਅਤੇ ਰੂਪਨਗਰ ਵਿਧਾਨ ਸਭਾ ਹਲਕੇ ਵਿੱਚ ਪੂਰੀ ਸਰਗਰਮੀ ਨਾਲ ਲੋਕਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ । ਨੌਜਵਾਨਾਂ ਨੂੰ ਕਾਂਗਰਸ ਪਾਰਟੀ ਨਾਲ ਜੋੜਨ ਲਈ ਵੀ ਹਰੀਪੁਰ ਵੱਲੋਂ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ।ਹਰੀਪੁਰ ਜਿਲਾ ਯੂਥ ਕਾਂਗਰਸ ਰੋਪੜ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ । ਹਰੀਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ ਅਤੇ ਨਗਰ ਕੌਂਸਲ ਚੋਣਾਂ ਵਿੱਚ ਕਾਂਗਰਸ ਦੀ ਸ਼ਾਨਦਾਰ ਜਿੱਤ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਵਲੋਂ ਨੀਂਹ ਰੱਖੀ ਜਾਵੇਗੀ। ਉਨ੍ਹਾਂ ਕਾਂਗਰਸ ਦੀ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਨਗਰ ਕੌਂਸਲ ਚੋਣਾਂ ਲਈ ਕਮਰ ਕੱਸ ਲੈਣ ਅਤੇ ਚੰਗੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਲਈ ਇਕਜੁੱਟ ਹੋ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਪਣੀ ਰਾਏ ਦੇਣ ।ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਦੇ ਆਸ਼ੀਰਵਾਦ ਨਾਲ ਹਰੀਪੁਰ ਨੂੰ ਜ਼ਿਲ੍ਹਾ ਯੂਥ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ ਅਤੇ ਹੁਣ ਨਗਰ ਕੌਂਸਲ ਮੋਰਿੰਡਾ ਦਾ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਲਈ ਹਰੀਪੁਰ ਵੱਲੋਂ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜੀ ਦਾ ਧੰਨਵਾਦ ਕੀਤਾ ਗਿਆ।



# ਕਲਚਰਲ ਅਕੈਡਮੀ ਵੱਲੋਂ ਪਿੰਡ ਜ਼ਲਡੂਰਾ, ਡੋਰੂ ਵਿਖੇ ਸਾਹਿਤਕ ਸਮਾਗਮ ਦੌਰਾਨ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਯਤਨ ਜਾਰੀ: ਪੋਪਿੰਦਰ ਸਿੰਘ ਪਾਰਸ

**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਗੁਰਦੁਆਰਾ ਸਿੰਘ ਸਭਾ ਸਿੰਘ ਬਾਗ ਪਿੰਡ ਜ਼ਲਡੂਰਾ, ਤਹਿਸੀਲ, ਡੋਰੂ ਜ਼ਿਲ੍ਹਾ,ਅਨੰਤਨਾਗ ਵਿਖੇ ਕੀਰਤਨ ਅਤੇ ਕਵੀ ਦਰਬਾਰ ਸਮਰਪਿਤ 350ਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨਾ ਸੀ। ਇਸ ਮੌਕੇ 'ਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਮੂਲਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਕੀਰਤਨ ਨਾਲ ਹੋਈ, ਜਿਸ ਦੌਰਾਨ ਸਥਾਨਕ ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀਨ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਕਵਿਤਾਵਾਂ



ਦਾ ਪਾਠ ਵੀ ਕੀਤਾ ਗਿਆ, ਜਿਸ ਨੂੰ ਸਰੋਤਿਆਂ ਵੱਲੋਂ ਕਾਫ਼ੀ ਸਰਾਹਿਆ ਗਿਆ। ਇਸ ਮੌਕੇ 'ਤੇ ਪੰਜਾਬੀ ਦੇ ਚੀਫ਼ ਐਡੀਟਰ ਸ਼ੀਰਾਜ਼ਾ ਪੋਪਿੰਦਰ ਸਿੰਘ ਪਾਰਸ ਨੇ ਕਿਹਾ ਕਿ ਅਕੈਡਮੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ, ਭਾਸ਼ਾ ਅਤੇ ਸੱਭਿਆਚਾਰ ਨਾਲ ਜੋੜਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸੱਭਿਆਚਾਰਕ ਪਹਿਚਾਣ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ ਅਤੇ ਇਸੇ ਉਦੇਸ਼ ਨਾਲ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਕਰਵਾਏ ਜਾਂਦੇ ਰਹਿਣਗੇ। ਪ੍ਰੋਗਰਾਮ ਵਿੱਚ ਸਥਾਨਕ ਰਾਗੀ ਜਥਿਆਂ ਤੋਂ ਇਲਾਵਾ ਆਪਣੀ ਕਈ ਸਮਾਜਿਕ ਅਤੇ ਧਾਰਮਿਕ ਆਗੂ ਵੀ ਹਾਜ਼ਰ ਸਨ। ਸਕੱਤਰ ਸੰਦੀਪ ਸਿੰਘ , ਪ੍ਰਧਾਨ ਜਤਿੰਦਰ ਸਿੰਘ, ਗੁਰਦੀਪ ਸਿੰਘ, ਬੰਟੀ ਸਿੰਘ ਤੋਂ ਇਲਾਵਾ ਅਤੇ ਪਿੰਡ ਦੇ ਕਈ ਬਜ਼ੁਰਗ ਵੀ ਸ਼ਾਮਲ ਸਨ, ਜਿਨ੍ਹਾਂ ਨੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ 38ਵੀਂ ਬੱਸ ਨੂੰ ਹਰੀ ਝੰਡੀ ਦੇ ਰਵਾਨਾ

**ਮੋਰਿੰਡਾ, 12 ਮਈ (ਸੁਖਵਿੰਦਰ ਸਿੰਘ ਹੈਪੀ)—** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਦੀ ਅਗਵਾਈ ਹੇਠ ਵਾਰਡ ਨੰਬਰ-2 ਸੁਰਜੀਤ ਨਗਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ 38ਵੀਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

ਇਸ ਮੌਕੇ ਸ਼ਰਧਾਲੂਆਂ ਵਿੱਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਯਾਤਰੀਆਂ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਲੋਕ-ਹਿਤੈਸ਼ੀ ਯੋਜਨਾ ਦੀ ਸਰਾਹਨਾ ਕੀਤੀ। ਸਮਾਗਮ ਦੌਰਾਨ ਸ. ਮੋਹਣ ਸਿੰਘ ਹਲਕਾ ਕੋਆਰਡੀਨੇਟਰ, ਨਿਰਮਲ ਪ੍ਰੀਤ ਸਿੰਘ ਮਿਹਰਵਾਨ, ਬੀਐਲਓ ਹਰਪ੍ਰੀਤ ਕੌਰ, ਜਸਵਿੰਦਰ ਸਿੰਘ, ਹਰਪ੍ਰੀਤ ਕੌਰ ਵਾਰਡ ਇੰਚਾਰਜ ਨੰਬਰ 3, ਹਰਵਿੰਦਰ ਸਿੰਘ ਹੈਰੀ, ਗੁਰਦੀਪ ਸਿੰਘ,



ਜੰਨਤ ਸ਼ਰਮਾ, ਅੰਮ੍ਰਿਤਪਾਲ ਸਿੰਘ ਸਰਪੰਚ, ਰਾਜ ਕੁਮਾਰ , ਆਰ.ਡੀ. ਸਿੰਘ ਚੌਹਾਨ, ਰਵਿੰਦਰ ਸਿੰਘ ਸਮੇਤ ਹੋਰ ਪਾਰਟੀ ਆਗੂ ਅਤੇ ਵਰਕਰ ਵੀ ਹਾਜ਼ਰ ਰਹੇ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ, ਜਿਸ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ।

# ਲਾਰਡ ਬੁੱਧਾ ਟਰੱਸਟ ਵੱਲੋਂ ਨਵੇਂ ਡੀ.ਸੀ. ਚਾਬਾ ਨਾਲ ਪਲੇਠੀ ਮੁਲਾਕਾਤ : ਢੋਸੀਵਾਲ

**ਫ਼ਰੀਦਕੋਟ ( ਸ਼ਿਵਨਾਥ) ਪ੍ਰਮੁੱਖ** ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਉੱਚ ਪੱਧਰੀ ਵਫ਼ਦ ਨੇ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਅਤੇ ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਦੀ ਸਾਂਝੀ ਪ੍ਰਧਾਨਗੀ ਹੇਠ ਨਵ ਨਿਯੁਕਤ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਆਈ.ਏ.ਐੱਸ. ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਵਫ਼ਦ ਵਿੱਚ ਟਰੱਸਟ ਦੀ ਚੀਫ ਪੈਟਰਨ ਮੈਡਮ ਹੀਰਾਵਤੀ, ਚੇਅਰਮੈਨ ਡਾ. ਹਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਇੰਸ: ਰਮੇਸ਼ ਕੁਮਾਰ, ਜਨਰਲ ਸਕੱਤਰ ਪ੍ਰੋ. ਮਲਕੀਤ ਸਿੰਘ ਮੰਮਨ, ਜੁਆਇੰਟ ਸਕੱਤਰ ਸ਼ਿਵ ਨਾਥ ਦਰਦੀ, ਪ੍ਰੈਸ ਸਕੱਤਰ ਕੇ.ਪੀ.ਐੱਸ. ਸਰਾਂ, ਮੁੱਖ ਸਲਾਹਕਾਰ ਸ੍ਰੀ ਕ੍ਰਿਸ਼ਨ ਆਰ.ਏ., ਸੀਨੀਅਰ ਮੈਂਬਰ ਗੋਬਿੰਦ ਕੁਮਾਰ ਸੁਪਰਡੈਂਟ ਅਤੇ ਨਿਰਮਲ ਸਿੰਘ ਸੰਧੂ ਬੈਂਕ ਮੈਨੇਜਰ ਆਦਿ ਸ਼ਾਮਲ ਸਨ। ਡਿਪਟੀ ਕਮਿਸ਼ਨਰ ਨਾਲ ਇਸ ਪਹਿਲੀ ਮੁਲਾਕਾਤ ਦੌਰਾਨ ਟਰੱਸਟ ਵੱਲੋਂ ਸ੍ਰੀ ਚਾਬਾ ਨੂੰ ਜਿਲ੍ਹੇ ਦੇ ਡੀ.ਸੀ. ਵਜੋਂ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ ਤੇ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਸ੍ਰੀ ਢੋਸੀਵਾਲ ਨੇ ਜਿਲ੍ਹੇ ਦੀ ਨਵੀਂ ਚੁਣੀ ਗਈ ਟਰੱਸਟ ਦੀ ਕਾਰਜਕਾਰਣੀ ਦੇ ਮੈਂਬਰਾਂ ਦੀ ਵਿਸਥਾਰ ਪੂਰਵਕ ਡੀ.ਸੀ. ਨਾਲ ਜਾਣ-ਪਛਾਣ ਕਰਵਾਈ। ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਵੀ ਡੀ.ਸੀ. ਨੂੰ ਸਰਸਰੀ ਜਾਣਕਾਰੀ ਦਿੱਤੀ ਗਈ। ਨਿਰਪੱਖ ਅਤੇ ਇਮਾਨਦਾਰ ਅਧਿਕਾਰੀ ਵਜੋਂ ਜਾਣੇ ਜਾਂਦੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨਾਲ ਕਰੀਬ ਵੀਹ ਮਿੰਟ ਚੱਲੀ ਇਹ ਮੁਲਾਕਾਤ ਬੇਹੱਦ ਸੁਖਾਵੇਂ ਮਾਹੌਲ ਵਿੱਚ ਹੋਈ। ਢੋਸੀਵਾਲ ਨੇ ਡੀ.ਸੀ. ਨੂੰ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਸਮਾਜ ਸੇਵਾ ਦੇ ਸਾਰੇ ਕਾਰਜ ਟਰੱਸਟ ਮੈਂਬਰਾਂ ਅਤੇ ਹੋਰਨਾਂ ਸੱਜਣਾਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ। ਉਨ੍ਹਾਂ ਦੀ ਸੰਸਥਾ ਵੱਲੋਂ ਬੀਤੇ ਸਮੇਂ ਵਿੱਚ ਕਦੇ ਵੀ ਕੋਈ ਸਰਕਾਰੀ ਸਹਾਇਤਾ ਨਹੀਂ ਲਈ ਗਈ ਹੈ। ਸੰਸਥਾ ਦਾ ਮੁੱਖ ਉਦੇਸ਼ ਲੋਕ ਸੇਵਾ ਹੀ ਹੈ। ਡਿਪਟੀ ਕਮਿਸ਼ਨਰ ਰਾਹੁਲ ਚਾਬਾ ਆਈ.ਏ.ਐੱਸ. ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਬੜੀ ਗੰਭੀਰਤਾ ਅਤੇ ਦਿਲਚਸਪੀ ਨਾਲ ਸੁਣਿਆ। ਉਨ੍ਹਾਂ ਨੇ ਕਿਹਾ ਕਿ ਗੈਰ ਸਰਕਾਰੀ ਸਮਾਜ ਸੇਵੀ ਸੰਸਥਾਵਾਂ ਪ੍ਰਸ਼ਾਸਨ ਅਤੇ ਆਮ ਲੋਕਾਂ ਵਿੱਚ ਮਹੱਤਵ ਪੂਰਨ ਕੜੀ ਦਾ ਕੰਮ ਕਰਦੀਆਂ ਹਨ। ਅਜਿਹੀਆਂ ਸੰਸਥਾਵਾਂ ਸਰਕਾਰੀ ਯੋਜਨਾਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਬੇਹੱਦ ਸਹਾਈ ਸਾਬਤ ਹੁੰਦੀਆਂ ਹਨ। ਮੁਲਾਕਾਤ ਦੌਰਾਨ ਸ੍ਰੀ ਚਾਬਾ ਨੇ ਕਿਹਾ ਕਿ ਉਹ ਮਾਨਵਤਾ ਦੇ ਅਲੰਬਦਾਰ ਮਹਾਨ ਸੂਫੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੂਹ ਪਵਿੱਤਰ ਧਰਤੀ 'ਤੇ ਅਹੁਦਾ ਸੰਭਾਲਣ 'ਤੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ। ਸ੍ਰੀ ਚਾਬਾ ਨੇ ਸਮੂਹ ਜਿਲ੍ਹਾ ਨਿਵਾਸੀਆਂ ਨੂੰ ਅਮਨ ਚੈਨ ਅਤੇ ਸ਼ਾਂਤੀ ਬਣਾਏ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਸਮਾਜਿਕ ਬੁਰਾਈਆਂ, ਗੈਰ ਸਮਾਜੀ ਘਟਨਾਵਾਂ, ਨਸ਼ਿਆਂ ਅਤੇ ਹੋਰਨਾਂ ਗੈਰ ਕਾਨੂੰਨੀ ਕਾਰਵਾਈਆਂ ਨੂੰ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਠੱਲ ਪਾਈ ਜਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਪਣੀਆਂ ਸਹੀ ਅਤੇ ਜਾਇਜ਼ ਸ਼ਿਕਾਇਤਾਂ ਸੰਬੰਧੀ ਕੋਈ ਵੀ ਵਿਅਕਤੀ ਉਨ੍ਹਾਂ ਨੂੰ ਦਫਤਰੀ ਟਾਇਮ 'ਚ ਨਿਸ਼ਚਤ ਸਮੇਂ ਲਈ ਬੇਝਿਜਕ ਹੋ ਕੇ ਮਿਲ ਸਕਦਾ ਹੈ।



# ਨੌਨੀ ਮਾਡਲ ਸਕੂਲ ਕਾਠਗੜ੍ਹ ਦਾ 10ਵੀਂ ਦਾ ਨਤੀਜਾ ਰਿਹਾ ਸ਼ਤ-ਪ੍ਰਤੀਸ਼ਤ, ਵਿਦਿਆਰਥੀਆਂ ਨੇ ਕੀਤਾ ਸਕੂਲ ਦਾ ਨਾਮ ਰੌਸ਼ਨ

**ਨਵਾਂਸ਼ਹਿਰ /ਕਾਠਗੜ੍ਹ, 12 ਮਈ (ਜਤਿੰਦਰ ਸਿੰਘ ਕਲੇਰ):** ਖੇਤਰ ਦੇ ਪ੍ਰਸਿੱਧ ਵਿਦਿਅਕ ਸੰਸਥਾਨ ਨੌਨੀ ਮਾਡਲ ਸਕੂਲ ਕਾਠਗੜ੍ਹ ਦਾ ਇਸ ਸਾਲ ਦਸਵੀਂ ਜਮਾਤ ਦਾ ਪ੍ਰੀਖਿਆ ਨਤੀਜਾ ਸ਼ਤ-ਪ੍ਰਤੀਸ਼ਤ ਰਿਹਾ। ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕਾਂ ਨਾਲ ਪ੍ਰੀਖਿਆ ਪਾਸ ਕਰਕੇ ਸਕੂਲ, ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ। ਨਤੀਜਾ ਘੋਸ਼ਿਤ ਹੋਣ ਤੋਂ ਬਾਅਦ ਸਕੂਲ ਕੈਂਪਸ ਵਿੱਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਕ-ਦੂਜੇ ਨੂੰ ਮਿਠਾਈ ਖਵਾ ਕੇ ਖੁਸ਼ੀ ਸਾਂਝੀ ਕੀਤੀ। ਸਕੂਲ ਦੀ ਚੇਅਰਪਰਸਨ ਮੈਡਮ ਪੂਜਾ ਭਾਰਦਵਾਜ ਨੇ ਸਾਰੇ ਸਫਲ ਵਿਦਿਆਰਥੀਆਂ ਨੂੰ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਮਿਹਨਤ, ਅਨੁਸ਼ਾਸਨ ਅਤੇ ਸਹੀ ਮਾਰਗਦਰਸ਼ਨ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਇਸ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਰਾਘਵ ਭਾਰਦਵਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ ਅਤੇ ਸਾਰੇ ਵਿਦਿਆਰਥੀਆਂ ਨੇ ਬੇਹਤਰੀਨ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਕੜੀ ਮਿਹਨਤ, ਅਧਿਆਪਕਾਂ ਦੀ ਲਗਨ ਅਤੇ ਮਾਪਿਆਂ ਦੇ ਸਹਿਯੋਗ ਨਾਲ ਇਹ ਸ਼ਾਨਦਾਰ ਉਪਲਬਧੀ ਹਾਸਲ ਹੋਈ ਹੈ। ਉਨ੍ਹਾਂ ਦੱਸਿਆ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਦੇਣ ਲਈ ਵਚਨਬੱਧ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਬਿਹਤਰ ਨਤੀਜੇ ਦੇਣ ਲਈ ਯਤਨਸ਼ੀਲ ਰਹੇਗਾ। ਪ੍ਰੀਖਿਆ ਨਤੀਜੇ ਵਿੱਚ ਮਨਸੀਰਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਵਿੱਚ ਟਾਪ ਕੀਤਾ, ਜਦਕਿ ਨਵਜੋਤ ਕੌਰ ਨੇ ਦੂਜਾ ਅਤੇ ਹਰਸ਼ਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਤਿੰਨਾਂ ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਸਕੂਲ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ 'ਤੇ ਸੁਸ਼ਮਾ ਸ਼ਰਮਾ, ਸਰਿਤਾ ਸ਼ਰਮਾ ਅਤੇ ਅਧਿਆਪਕ ਤਾਰਾ ਚੰਦ ਸਮੇਤ ਸਕੂਲ ਦਾ ਹੋਰ ਸਟਾਫ ਵੀ ਹਾਜ਼ਰ ਰਿਹਾ। ਸਾਰੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।



# ਕੈਲਗਰੀ ਨੇੜੇ ਭਿਆਨਕ ਸੜਕ ਹਾਦਸਾ, 2 ਲੋਕਾਂ ਦੀ ਮੌਤ: ਬੱਚੇ ਸਮੇਤ ਤਿੰਨ ਜਖਮੀ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਕੈਲਗਰੀ ਸ਼ਹਿਰ ਦੇ ਉੱਤਰ-ਪੂਰਬੀ ਇਲਾਕੇ ਨੇੜੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਦੌਰਾਨ 2 ਲੋਕਾਂ ਦੀ ਮੌਤ ਹੋ ਜਾਣ ਅਤੇ ਇੱਕ ਬੱਚੇ ਸਮੇਤ ਤਿੰਨ ਹੋਰਨਾਂ ਦੇ ਗੰਭੀਰ ਰੂਪ ਵਿੱਚ ਜਖ਼ਮੀ ਹੋਣ ਦੀ ਸੂਚਨਾ ਹੈ

ਇਹ ਹਾਦਸਾ ਐਤਵਾਰ ਸਵੇਰੇ ਵਾਪਰਿਆ, ਜਿਸ ਮਗਰੋਂ ਐਮਰਜੈਂਸੀ ਸੇਵਾਵਾਂ ਅਤੇ ਪੁਲਿਸ ਤੁਰੰਤ ਮੌਕੇ 'ਤੇ ਪਹੁੰਚ ਗਈ।



**ਕੈਲਗਰੀ ਨੇੜੇ ਵਾਪਰੇ ਭਿਆਨਕ ਹਾਦਸੇ ਮਗਰੋਂ ਮੌਕੇ 'ਤੇ ਪਹੁੰਚਿਆ ਏਅਰ ਐਂਬੂਲੈਂਸ ਹੈਲੀਕਾਪਟਰ।**

ਹਾਦਸੇ ਦੀ ਗੰਭੀਰਤਾ ਨੂੰ ਦੇਖਦਿਆਂ ਜਖ਼ਮੀ ਹੋਏ ਬੱਚੇ ਨੂੰ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ, ਜਿਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ ਹਾਦਸੇ ਵਿੱਚ ਜ਼ਖ਼ਮੀ ਹੋਏ ਹੋਰ 2 ਵਿਅਕਤੀਆਂ ਦਾ ਵੀ ਇਲਾਜ ਚੱਲ ਰਿਹਾ ਹੈ। ਪੁਲਿਸ ਵੱਲੋਂ ਹਾਲੇ ਤੱਕ ਮ੍ਰਿਤਕਾਂ ਦੀ ਪਹਿਚਾਣ ਜਾਰੀ ਨਹੀਂ ਕੀਤੀ ਗਈ ਅਤੇ ਨਾ ਹੀ ਹਾਦਸੇ ਦੇ ਸਹੀ ਕਾਰਨਾਂ ਬਾਰੇ ਕੋਈ ਅਧਿਕਾਰਿਕ ਜਾਣਕਾਰੀ ਸਾਂਝੀ ਕੀਤੀ ਗਈ ਹੈ।

ਹਾਦਸੇ ਮਗਰੋਂ ਕੁਝ ਸਮੇਂ ਲਈ ਇਲਾਕੇ ਵਿੱਚ ਆਵਾਜਾਈ ਪ੍ਰਭਾਵਿਤ ਰਹੀ, ਜਦਕਿ ਜਾਂਚ ਟੀਮਾਂ ਵੱਲੋਂ ਮੌਕੇ ਤੋਂ ਸਬੂਤ ਇਕੱਠੇ ਕੀਤੇ ਗਏ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ।

# ਪੰਜਾਬੀ ਨੌਜਵਾਨ ਨੇ ਬਾਸਕਟਬਾਲ ਵਿੱਚ ਰਚਿਆ ਇਤਿਹਾਸ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਸਰੀ ਸ਼ਹਿਰ ਨਾਲ ਸੰਬੰਧਿਤ ਇੱਕ ਪੰਜਾਬੀ ਮੂਲ ਦੇ ਦਸਤਾਰਧਾਰੀ ਨੌਜਵਾਨ ਨੇ ਅਮਰੀਕੀ ਕਾਲਜ ਬਾਸਕਟਬਾਲ ਵਿੱਚ ਇਤਿਹਾਸ ਰਚ ਦਿੱਤਾ ਹੈ। ਸਰੀ ਦੇ ਫਲੀਟਵੁੱਡ ਪਾਰਕ ਸੈਕੰਡਰੀ ਸਕੂਲ ਦੇ ਸਾਬਕਾ ਵਿਦਿਆਰਥੀ ਈਸ਼ਰ ਸਿੰਘ ਸਰਾਏ ਨੇ ਐਨਸੀਏਏ ਡਿਵੀਜ਼ਨ-1 ਦੀ ਟੀਮ ਨਾਲ ਜੁੜ ਕੇ ਇੱਕ ਵਿਲੱਖਣ ਮਾਣ ਹਾਸਲ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਈਸ਼ਰ ਸਿੰਘ ਸਰਾਏ ਨੇ ਹਾਲ ਹੀ ਵਿੱਚ ਅਮਰੀਕਾ ਦੀ ਵਿੰਥਰੋਪ ਯੂਨੀਵਰਸਿਟੀ ਨਾਲ ਕਮਿਟਮੈਂਟ ਕੀਤੀ ਹੈ। ਇਸ ਦੇ ਨਾਲ ਹੀ ਉਹ ਐਨਸੀਏਏ ਡਿਵੀਜ਼ਨ-1 ਬਾਸਕਟਬਾਲ ਵਿੱਚ ਖੇਡਣ ਵਾਲੇ ਪਹਿਲੇ ਦਸਤਾਰਧਾਰੀ ਖਿਡਾਰੀ ਬਣ ਗਏ ਹਨ, ਜਿਸ ਕਾਰਨ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਅਤੇ ਮਾਣ ਦੀ ਲਹਿਰ ਪਾਈ ਜਾ ਰਹੀ ਹੈ। ਖੇਡ ਮਾਹਿਰਾਂ ਅਨੁਸਾਰ ਇਹ ਪ੍ਰਾਪਤੀ ਨਾ ਸਿਰਫ਼ ਈਸ਼ਰ ਸਿੰਘ ਲਈ, ਸਗੋਂ ਪੂਰੇ ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਮੋੜ ਵਜੋਂ ਵੇਖੀ ਜਾ ਰਹੀ ਹੈ। ਬਾਸਕਟਬਾਲ ਵਰਗੀ ਮੁਕਾਬਲੇਬਾਜ਼ ਖੇਡ ਵਿੱਚ ਪੱਗ ਅਤੇ ਦਾਹੜੀ ਨਾਲ ਆਪਣੀ ਪਛਾਣ ਨੂੰ ਕਾਇਮ ਰੱਖਦਿਆਂ ਉੱਚ ਪੱਧਰ ‘ਤੇ ਪਹੁੰਚਣਾ ਕਈ ਨੌਜਵਾਨਾਂ ਲਈ ਪ੍ਰੇਰਣਾ ਬਣ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਈਸ਼ਰ ਸਿੰਘ ਸਰਾਏ ਨੇ ਸਕੂਲੀ ਅਤੇ ਕਲੱਬ ਪੱਧਰ ‘ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਕਾਰਨ ਉਹ ਅਮਰੀਕੀ ਕਾਲਜ ਬਾਸਕਟਬਾਲ ਸਕਾਊਟਾਂ ਦੀ ਨਜ਼ਰ ਵਿੱਚ ਆਏ। ਹੁਣ ਉਨ੍ਹਾਂ ਦੀ ਇਸ ਪ੍ਰਾਪਤੀ ਨੂੰ ਸਰੀ ਅਤੇ ਵੈਨਕੂਵਰ ਦੇ ਪੰਜਾਬੀ ਭਾਈਚਾਰੇ ਵੱਲੋਂ ਵੱਡੇ ਮਾਣ ਨਾਲ ਦੇਖਿਆ ਜਾ ਰਿਹਾ ਹੈ।



**ਬਾਸਕਟਬਾਲ ਟੀਮ ਨਾਲ ਜੁੜਨ ਵਾਲੇ ਪਹਿਲੇ ਪੱਗਧਾਰੀ ਸਿੱਖ ਖਿਡਾਰੀ ਈਸ਼ਰ ਸਿੰਘ ਸਰਾਏ।**

# ਕੈਨੇਡਾ ਦੀ ਵਿਸ਼ਵ ਹਾਕੀ ਚੈਂਪੀਅਨਸ਼ਿਪ ਟੀਮ ਦੀ ਕਮਾਨ ਮੈਕਲਿਨ ਸੈਲੀਬ੍ਰਿਨੀ ਨੂੰ ਮਿਲੀ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੀ ਰਾਸ਼ਟਰੀ ਹਾਕੀ ਟੀਮ ਲਈ ਇੱਕ ਮਹੱਤਵਪੂਰਨ ਐਲਾਨ ਕਰਦਿਆਂ ਹਾਕੀ ਕੈਨੇਡਾ ਨੇ 2026 ਆਈਆਈਐਚਐਫ ਵਿਸ਼ਵ ਹਾਕੀ ਚੈਂਪੀਅਨਸ਼ਿਪ ਲਈ ਮੈਕਲਿਨ ਸੈਲੀਬ੍ਰਿਨੀ ਨੂੰ ਟੀਮ ਦਾ ਕਪਤਾਨ ਨਿਯੁਕਤ ਕੀਤਾ ਹੈ। ਇਸ ਐਲਾਨ ਮਗਰੋਂ ਕੈਨੇਡੀਅਨ ਹਾਕੀ ਪ੍ਰੇਮੀਆਂ ਵਿੱਚ ਉਤਸ਼ਾਹ ਵੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਤਜਰਬੇਕਾਰ ਖਿਡਾਰੀ ਰਿਆਨ ਓ’ਰਾਈਲੀ ਅਤੇ ਜੌਨ ਟਾਵਾਰੇਸ ਨੂੰ ਟੀਮ ਦੇ ਸਹਾਇਕ ਕਪਤਾਨਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਹਾਕੀ ਮਾਹਿਰਾਂ ਦਾ ਮੰਨਣਾ ਹੈ ਕਿ ਇਹਨਾਂ ਦੀ ਅਗਵਾਈ ਵਿੱਚ ਟੀਮ ਕੈਨੇਡਾ ਇਸ ਟੂਰਨਾਮੈਂਟ ਦੌਰਾਨ ਮਜ਼ਬੂਤ ਦਾਅਵੇਦਾਰ ਵਜੋਂ ਉਭਰ ਸਕਦੀ ਹੈ। ਖੇਡ ਜਗਤ ਵਿੱਚ ਮੈਕਲਿਨ ਸੈਲੀਬ੍ਰਿਨੀ ਨੂੰ ਭਵਿੱਖ ਦੇ ਵੱਡੇ ਸਿਤਾਰੇ ਵਜੋਂ ਵੇਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਨਵੇਂ ਯੁੱਗ ਦੀ ਸ਼ੁਰੂਆਤ ਵਜੋਂ ਵੀ ਕਪਤਾਨੀ ਨੂੰ ਕੈਨੇਡੀਅਨ ਹਾਕੀ ਦੇ ਮੰਨਿਆ ਜਾ ਰਿਹਾ ਹੈ।




**ਟੀਮ ਕੈਨੇਡਾ ਦੇ ਕਪਤਾਨ ਮੈਕਲਿਨ ਸੈਲੀਬ੍ਰਿਨੀ ਆਪਣੇ ਸਹਾਇਕ ਕਪਤਾਨਾਂ ਰਿਆਨ ਓ’ਰਾਈਲੀ ਅਤੇ ਜੌਨ ਟਾਵਾਰੇਸ ਨਾਲ।**

## ਸਰੀ ਵਿੱਚ ਦੋ ਨੌਜਵਾਨਾਂ ਦੀ ਗੋਲੀਬਾਰੀ ‘ਚ ਮੌਤ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਦੌਰਾਨ ਦੋ ਨੌਜਵਾਨਾਂ ਦੀ ਮੌਤ ਹੋ ਜਾਣ ਮਗਰੋਂ ਪੂਰੇ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਇੰਟੀਗ੍ਰੇਟਿਡ ਹੋਮਿਸਾਈਡ ਇਨਵੈਸਟੀਗੇਸ਼ਨ ਟੀਮ ਅਨੁਸਾਰ ਇਹ ਮਾਮਲਾ ਬੀ.ਸੀ. ਵਿੱਚ ਚੱਲ ਰਹੇ ਗੈਂਗ ਟਕਰਾਅ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ ਪੁਲਿਸ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਐਤਵਾਰ ਰਾਤ ਸਰੀ ਦੇ ਇੱਕ ਰਿਹਾਇਸ਼ੀ ਇਲਾਕੇ ਵਿੱਚ ਗੋਲੀਬਾਰੀ ਦੀ ਸੂਚਨਾ ਮਿਲਣ ਮਗਰੋਂ ਅਧਿਕਾਰੀ ਮੌਕੇ ‘ਤੇ ਪਹੁੰਚੇ, ਜਿੱਥੇ ਉਨ੍ਹਾਂ ਨੂੰ 16 ਸਾਲਾ ਅਤੇ 18 ਸਾਲਾ ਦੋ ਨੌਜਵਾਨ ਗੰਭੀਰ ਹਾਲਤ ਵਿੱਚ ਮਿਲੇ। ਦੋਵਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਇਹ ਸੰਕੇਤ ਮਿਲ ਰਹੇ ਹਨ ਕਿ ਇਹ ਹਮਲਾ ਯੋਜਨਾਬੱਧ ਸੀ ਅਤੇ ਇਸਦਾ ਸਬੰਧ ਸੂਬੇ ਵਿੱਚ ਸਰਗਰਮ ਗੈਂਗ ਗਤੀਵਿਧੀਆਂ ਨਾਲ ਹੋ ਸਕਦਾ ਹੈ। ਪੁਲਿਸ ਵੱਲੋਂ ਇਲਾਕੇ ਨੂੰ ਘੇਰ ਕੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਅਤੇ ਗਵਾਹਾਂ ਨਾਲ ਪੁੱਛਗਿੱਛ ਜਾਰੀ ਹੈ। ਸਰੀ ਦੀ ਮੇਅਰ ਬ੍ਰੈਂਡਾ ਲਾਕ ਨੇ ਇਸ ਘਟਨਾ ‘ਤੇ ਗਹਿਰਾ ਦੁੱਖ ਅਤੇ ਗੁੱਸਾ ਪ੍ਰਗਟ ਕਰਦਿਆਂ ਕਿਹਾ ਕਿ ਨੌਜਵਾਨਾਂ ਦੀ ਇਸ ਤਰ੍ਹਾਂ ਹੋ ਰਹੀ ਹਿੰਸਕ ਮੌਤ ਬਹੁਤ ਹੀ ਚਿੰਤਾਜਨਕ ਹੈ। ਉਨ੍ਹਾਂ ਨੇ ਦੋਸ਼ੀਆਂ ਨੂੰ ਜਲਦੀ ਕਾਬੂ ਕਰਨ ਦੀ ਮੰਗ ਕੀਤੀ ਹੈ।

## ਹੋਕਾ

ਬੰਸੀ ਤੇ ਗੰਦੂ ਮੇਰੇ ਪਾਪਾ ਜੀ ਦੇ ਮਾਮੇ ਦੇ ਮੁੰਡੇ ਸਨ। ਉਹਨਾਂ ਦੇ ਘਰ ਦੇ ਹਾਲਾਤ ਤੰਗੀ ਤੁਰਸੀ ਵਾਲੇ ਸਨ। ਕੋਈ ਖਾਸ ਕੰਮ ਨਹੀਂ ਸੀ। ਪਰ ਰਿਸ਼ਤਿਆਂ ਦੀ ਕਦਰ ਕਰਨ ਵਾਲੇ। ਦੁੱਖ ਸੁੱਖ ਤੇ ਕੰਮ ਆਉਣ ਵਾਲੇ। ਮੋਹ ਦੀਆਂ ਤੰਦਾਂ ਨੂੰ ਜੋੜਨ ਵਾਲੇ ਸਨ। ਮਾਂ ਦੇ ਆਗਿਆਕਾਰੀ ਪੁੱਤ। ਪਾਪਾ ਜੀ ਨੂੰ ਬਾਈ ਆਖਦੇ। ਪਤਾ ਨਹੀਂ ਕਿਉਂ ਸਾਨੂੰ ਵੀ ਉਹਨਾਂ ਤੇ ਮੋਹ ਆਉਂਦਾ। ਬਸ ਦੋਨੇ ਭਰਾ ਬੱਸਾਂ ਵਿੱਚ ਕੰਨਾਂ ਦੀ ਅੱਖਾਂ ਦੀ ਤੇ ਹੋਰ ਤਰਾਂ ਦੀ ਦਵਾਈ ਵੇਚਦੇ। ਸਵੇਰੇ ਸੱਤ ਵਜੇ ਤਿਆਰ ਹੋਕੇ ਕੰਮ ਤੇ ਚਲੇ ਜਾਂਦੇ। ਸਾਰਾ ਦਿਨ ਬੱਸਾਂ ਵਿੱਚ ਪੰਜ ਪੰਜ ਰੁਪਏ ਦੀਆਂ ਸ਼ੀਸ਼ਿਆਂ ਵੇਚਕੇ ਸ਼ਾਮ ਤੱਕ ਮਸਾਂ ਦੋ ਗੁੱਲੀਆਂ ਦਾ ਜੁਗਾੜ ਕਰ ਪਾਉਂਦੇ। "ਵੀਰ ਜੀ, ਭਰਾ ਜੀ, ਭਾਈ ਸਾਹਿਬ, ਸਰਦਾਰ ਜੀ, ਬਾਬੂ ਜੀ, ਮੈਂ ਪਿਛਲੇ ਕਈ ਸਾਲਾਂ ਤੋਂ ਇਸੇ ਅੱਡੇ ਤੇ ਲੋਕ ਸੇਵਾ ਕਰਦਾ ਹੈ। ਕਿਸੇ ਨੂੰ ਕੰਨਾਂ ਤੋਂ ਉੱਚੀ ਸੁਣਦਾ ਹੋਵੇ। ਢੋਲ ਦੀ ਆਵਾਜ਼ ਨਾ ਸੁਣਦੀ ਹੋਵੇ, ਕੰਨ ਵਗਦਾ ਹੋਵੇ, ਕੰਨ ਦੁੱਖਦਾ ਹੋਵੇ, ਕਿੰਨਾ ਹੀ ਪੁਰਾਣਾ ਦਰਦ ਹੋਵੇ, ਜਮਾਂਦਰੂ ਬੋਲਾ ਹੋਵੇ , ਬਸ ਆਹ ਦਵਾਈ ਦੀਆਂ ਦੋ ਬੂੰਦਾ ਪਾਓ। ਦਰਦ ਗਾਇਬ ਜਿਵੇਂ ਗਧੇ ਦੇ ਸਿਰ ਤੋਂ ਸਿੰਗ। ਦੋ ਬੂੰਦਾ ਪਾਓ ਤੇ ਆਹ ਘੜੀ ਦੀ ਟਿੱਕ ਟਿੱਕ ਸੁਣਾਈ ਨਾ ਦੇਵੇ ਤਾਂ ਅਖਿਓ। ਕੰਪਨੀ ਦੀ ਮਸ਼ਹੂਰੀ ਤੇ ਪ੍ਰਚਾਰ ਵਾਸਤੇ ਆਹ ਦਵਾਈ ਦੀ ਸ਼ੀਸ਼ੀ ਲਓ। ਵੱਡੀ ਸ਼ੀਸ਼ੀ ਦਸ ਰੁਪਏ ਦੀ ਤੇ ਛੋਟੀ ਸ਼ੀਸ਼ੀ ਪੰਜ ਰੁਪਏ ਦੀ।ਕੋਈ ਭਰਾ ਪਹਿਲਾ ਸ਼ੀਸ਼ੀ ਲੈ ਗਿਆ ਹੋਵੇ, ਦਵਾਈ ਨੇ ਅਸਰ ਨਹੀ ਕੀਤਾ, ਫਾਇਦਾ ਨਹੀਂ ਹੋਇਆ, ਦਰਦ ਨਹੀਂ ਰੁਕਿਆ ਖਾਲੀ ਸ਼ੀਸ਼ੀ ਵਿਖਾਕੇ ਪੈਸੇ ਵਾਪਿਸ ਲੈ ਸਕਦਾ ਹੈ।" "ਹਾਂਜੀ ਵੀਰ ਜੀ ਆ ਗਿਆ, ਭਰਾ ਜੀ ਆਹ ਲਵੋ।" ਫਿਰ ਸਾਰੀ ਬਸ ਚ ਗੇੜਾ ਦੇਕੇ ਪੰਜ ਸੱਤ ਸ਼ੀਸ਼ਿਆਂ ਵੇਚ ਦਿੰਦੇ। "ਤੇਰੀ ਮਾਸੀ ਦੇ ਮੁੰਡੇ ਦਾ ਕੀ ਹਾਲ ਹੈ। ਕੋਈ ਫਰਕ ਪਿਆ। ਭੋਰਾ ਸੁਣਨ ਲਗਿਆ ਉਸ ਨੂੰ।" ਸਵਾਰੀ ਨੇ ਸ਼ੀਸ਼ਿਆਂ ਵੇਚਦੇ ਬੰਸੀ ਨੂੰ ਪੁੱਛਿਆ। "ਨਹੀਂ ਉਹ ਤਾਂ ਉਸੇ ਤਰਾਂ ਹੀ ਹੈ। ਜਵਾਂ ਵੀ ਸੁਣਨ ਨਹੀਂ ਲੱਗਿਆ ਉਸਨੂੰ।" ਕਹਿਕੇ ਬੰਸੀ ਬੱਸ ਦੀ ਪਿਛਲੀ ਬਾਰੀ ਉਤਰ ਗਿਆ ਤੇ ਕਿਸੇ ਹੋਰ ਬਸ ਤੇ ਫਿਰ ਤੋਂ ਕੰਨਾਂ ਦੀ ਦਵਾਈ ਦਾ ਹੋਕਾ ਦੇਣ ਲੱਗ ਪਿਆ।ਬੰਸੀ ਤੇ ਗੰਦੂ ਮੇਰੇ ਪਾਪਾ ਜੀ ਦੇ ਮਾਮੇ ਦੇ ਮੁੰਡੇ ਸਨ। ਉਹਨਾਂ ਦੇ ਘਰ ਦੇ ਹਾਲਾਤ ਤੰਗੀ ਤੁਰਸੀ ਵਾਲੇ ਸਨ। ਕੋਈ ਖਾਸ ਕੰਮ ਨਹੀਂ ਸੀ। ਪਰ ਰਿਸ਼ਤਿਆਂ ਦੀ ਕਦਰ ਕਰਨ ਵਾਲੇ। ਦੁੱਖ ਸੁੱਖ ਤੇ ਕੰਮ ਆਉਣ ਵਾਲੇ। ਮੋਹ ਦੀਆਂ ਤੰਦਾਂ ਨੂੰ ਜੋੜਨ ਵਾਲੇ ਸਨ। ਮਾਂ ਦੇ ਆਗਿਆਕਾਰੀ ਪੁੱਤ। ਪਾਪਾ ਜੀ ਨੂੰ ਬਾਈ ਆਖਦੇ। ਪਤਾ ਨਹੀਂ ਕਿਉਂ ਸਾਨੂੰ ਵੀ ਉਹਨਾਂ ਤੇ ਮੋਹ ਆਉਂਦਾ। ਬਸ ਦੋਨੇ ਭਰਾ ਬੱਸਾਂ ਵਿੱਚ ਕੰਨਾਂ ਦੀ ਅੱਖਾਂ ਦੀ ਤੇ ਹੋਰ ਤਰਾਂ ਦੀ ਦਵਾਈ ਵੇਚਦੇ। ਸਵੇਰੇ ਸੱਤ ਵਜੇ ਤਿਆਰ ਹੋਕੇ ਕੰਮ ਤੇ ਚਲੇ ਜਾਂਦੇ। ਸਾਰਾ ਦਿਨ ਬੱਸਾਂ ਵਿੱਚ ਪੰਜ ਪੰਜ ਰੁਪਏ ਦੀਆਂ ਸ਼ੀਸ਼ਿਆਂ ਵੇਚਕੇ ਸ਼ਾਮ ਤੱਕ ਮਸਾਂ ਦੋ ਗੁੱਲੀਆਂ ਦਾ ਜੁਗਾੜ ਕਰ ਪਾਉਂਦੇ। "ਵੀਰ ਜੀ, ਭਰਾ ਜੀ, ਭਾਈ ਸਾਹਿਬ, ਸਰਦਾਰ ਜੀ, ਬਾਬੂ ਜੀ, ਮੈਂ ਪਿਛਲੇ ਕਈ ਸਾਲਾਂ ਤੋਂ ਇਸੇ ਅੱਡੇ ਤੇ ਲੋਕ ਸੇਵਾ ਕਰਦਾ ਹੈ। ਕਿਸੇ ਨੂੰ ਕੰਨਾਂ ਤੋਂ ਉੱਚੀ ਸੁਣਦਾ ਹੋਵੇ। ਢੋਲ ਦੀ ਆਵਾਜ਼ ਨਾ ਸੁਣਦੀ ਹੋਵੇ, ਕੰਨ ਵਗਦਾ ਹੋਵੇ, ਕੰਨ ਦੁੱਖਦਾ ਹੋਵੇ, ਕਿੰਨਾ ਹੀ ਪੁਰਾਣਾ ਦਰਦ ਹੋਵੇ, ਜਮਾਂਦਰੂ ਬੋਲਾ ਹੋਵੇ , ਬਸ ਆਹ ਦਵਾਈ ਦੀਆਂ ਦੋ ਬੂੰਦਾ ਪਾਓ। ਦਰਦ ਗਾਇਬ ਜਿਵੇਂ ਗਧੇ ਦੇ ਸਿਰ ਤੋਂ ਸਿੰਗ। ਦੋ ਬੂੰਦਾ ਪਾਓ ਤੇ ਆਹ ਘੜੀ ਦੀ ਟਿੱਕ ਟਿੱਕ ਸੁਣਾਈ ਨਾ ਦੇਵੇ ਤਾਂ ਅਖਿਓ। ਕੰਪਨੀ ਦੀ ਮਸ਼ਹੂਰੀ ਤੇ ਪ੍ਰਚਾਰ ਵਾਸਤੇ ਆਹ ਦਵਾਈ ਦੀ ਸ਼ੀਸ਼ੀ ਲਓ। ਵੱਡੀ ਸ਼ੀਸ਼ੀ ਦਸ ਰੁਪਏ ਦੀ ਤੇ ਛੋਟੀ ਸ਼ੀਸ਼ੀ ਪੰਜ ਰੁਪਏ ਦੀ।ਕੋਈ ਭਰਾ ਪਹਿਲਾ ਸ਼ੀਸ਼ੀ ਲੈ ਗਿਆ ਹੋਵੇ, ਦਵਾਈ ਨੇ ਅਸਰ ਨਹੀ ਕੀਤਾ, ਫਾਇਦਾ ਨਹੀਂ ਹੋਇਆ, ਦਰਦ ਨਹੀਂ ਰੁਕਿਆ ਖਾਲੀ ਸ਼ੀਸ਼ੀ ਵਿਖਾਕੇ ਪੈਸੇ ਵਾਪਿਸ ਲੈ ਸਕਦਾ ਹੈ।" "ਹਾਂਜੀ ਵੀਰ ਜੀ ਆ ਗਿਆ, ਭਰਾ ਜੀ ਆਹ ਲਵੋ।" ਫਿਰ ਸਾਰੀ ਬਸ ਚ ਗੇੜਾ ਦੇਕੇ ਪੰਜ ਸੱਤ ਸ਼ੀਸ਼ਿਆਂ ਵੇਚ ਦਿੰਦੇ। "ਤੇਰੀ ਮਾਸੀ ਦੇ ਮੁੰਡੇ ਦਾ ਕੀ ਹਾਲ ਹੈ। ਕੋਈ ਫਰਕ ਪਿਆ। ਭੋਰਾ ਸੁਣਨ ਲਗਿਆ ਉਸ ਨੂੰ।" ਸਵਾਰੀ ਨੇ ਸ਼ੀਸ਼ਿਆਂ ਵੇਚਦੇ ਬੰਸੀ ਨੂੰ ਪੁੱਛਿਆ। "ਨਹੀਂ ਉਹ ਤਾਂ ਉਸੇ ਤਰਾਂ ਹੀ ਹੈ। ਜਵਾਂ ਵੀ ਸੁਣਨ ਨਹੀਂ ਲੱਗਿਆ ਉਸਨੂੰ।" ਕਹਿਕੇ ਬੰਸੀ ਬੱਸ ਦੀ ਪਿਛਲੀ ਬਾਰੀ ਉਤਰ ਗਿਆ ਤੇ ਕਿਸੇ ਹੋਰ ਬਸ ਤੇ ਚੜ੍ਹ ਗਿਆ ਕੰਨਾਂ ਦੀ ਸ਼ਰਤੀਆ ਦਵਾਈ ਦਾ ਹੋਕਾ ਦੇਣ ਲਈ।



**#ਰਮੇਸਸੇਠੀਬਾਦਲ**
**9876627233**

for more news visit:
www.samajweekly.com

# ਮਣੀਪੁਰ ਦਾ ਸੰਕਟ: ਰਾਸ਼ਟਰੀ ਸੁਰੱਖਿਆ ਅਤੇ ਭਾਈਚਾਰਕ ਸਾਂਝ ਲਈ ਇੱਕ ਗੰਭੀਰ ਚੇਤਾਵਨੀ

ਭਾਰਤ ਦਾ ਉੱਤਰ-ਪੂਰਬੀ ਖੇਤਰ ਭੌਗੋਲਿਕ ਅਤੇ ਰਾਜਨੀਤਿਕ ਤੌਰ ‘ਤੇ ਦੇਸ਼ ਦਾ ਸਭ ਤੋਂ ਸੰਵੇਦਨਸ਼ੀਲ ਹਿੱਸਾ ਮੰਨਿਆ ਜਾਂਦਾ ਹੈ। ਪੰਜ ਦੇਸ਼ਾਂ— ਚੀਨ, ਮਿਆਂਮਾਰ, ਬੰਗਲਾਦੇਸ਼, ਭੂਟਾਨ ਅਤੇ ਨੇਪਾਲ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਨਾਲ ਘਿਰਿਆ ਇਹ ਖੇਤਰ ਕੇਵਲ ਰਣਨੀਤਿਕ ਹੀ ਨਹੀਂ, ਸਗੋਂ ਆਪਣੀ ਨਸਲੀ ਵਿਭਿੰਨਤਾ ਅਤੇ ਸੱਭਿਆਚਾਰਕ ਜਟਿਲਤਾ ਕਾਰਨ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਨਾਜ਼ੁਕ ਵੀ ਹੈ। ਲੰਬੇ ਸਮੇਂ ਤੋਂ ਇੱਥੇ ਵੱਖਵਾਦ, ਹਥਿਆਰਬੰਦ ਗਠਜੋੜ, ਜਾਤੀਕ ਅਸਮਾਨਤਾਵਾਂ ਅਤੇ ਸਰਹੱਦੀ ਘੁਸਪੈਠ ਵਰਗੀਆਂ ਚੁਣੌਤੀਆਂ ਰਹੀਆਂ ਹਨ, ਪਰ ਪਿਛਲੇ ਤਿੰਨ ਸਾਲਾਂ ਦੌਰਾਨ ਮਣੀਪੁਰ ਨੇ ਜੋ ਭਿਆਨਕ ਦੌਰ ਦੇਖਿਆ ਹੈ, ਉਸ ਨੇ ਪੂਰੇ ਖੇਤਰ ਦੀ ਸੁਰੱਖਿਆ ਸਥਿਤੀ ‘ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਪ੍ਰੈਲ 2026 ਵਿੱਚ ਦੁਬਾਰਾ ਭੜਕੀ ਤਾਜ਼ਾ ਹਿੰਸਾ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਣੀਪੁਰ ਵਿੱਚ ਸ਼ਾਂਤੀ ਦੇ ਸਰਕਾਰੀ ਦਾਅਵੇ ਕੇਵਲ ਕਾਗਜ਼ੀ ਸਨ, ਜ਼ਮੀਨੀ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਬਿਸ਼ਨੁਪੁਰ ਜ਼ਿਲ੍ਹੇ ਵਿੱਚ ਦੋ ਮਾਸੂਮ ਬੱਚਿਆਂ ਦੀ ਬੰਬ ਧਮਾਕੇ ਵਿੱਚ ਹੋਈ ਦਰਦਨਾਕ ਮੌਤ ਤੋਂ ਬਾਅਦ ਜਿਸ ਤਰ੍ਹਾਂ ਪ੍ਰਦਰਸ਼ਨ ਭੜਕੇ, ਪੁਲਿਸ ਨੂੰ ਫਾਇਰਿੰਗ ਕਰਨੀ ਪਈ ਅਤੇ ਮੁੜ ਕਰਫ਼ਿਊ ਤੇ ਇੰਟਰਨੈੱਟ ਬੰਦਸ਼ਾਂ ਦਾ ਸਹਾਰਾ ਲੈਣਾ ਪਿਆ। ਉਸ ਨੇ ਸਾਬਤ ਕਰ ਦਿੱਤਾ ਕਿ ਮਣੀਪੁਰ ਅਜੇ ਵੀ ਸੁਲਗਦੇ ਹੋਏ ਬਾਰੂਦੀ ਢੇਰ ‘ਤੇ ਬੈਠਾ ਹੈ।

ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਮਣੀਪੁਰ ਦੇ ਇਤਿਹਾਸਕ ਪ੍ਰਸੰਗ ਨੂੰ ਜਾਣਨਾ ਜ਼ਰੂਰੀ ਹੈ। ਮਣੀਪੁਰ ਦਾ ਭਾਰਤ ਵਿੱਚ ਰਲੇਵਾਂ 1949 ਵਿੱਚ ਹੋਇਆ ਸੀ, ਪਰ ਉਦੋਂ ਤੋਂ ਹੀ ਇੱਥੇ ਵੱਖ-ਵੱਖ ਭਾਈਚਾਰਿਆਂ ਦਰਮਿਆਨ 'ਪਛਾਣ ਦੀ ਰਾਜਨੀਤੀ' ਭਾਰੂ ਰਹੀ ਹੈ। ਪਹਾੜਾਂ ਵਿੱਚ ਰਹਿਣ ਵਾਲੇ ਨਾਗਾ ਅਤੇ ਕੂਕੀ ਜ਼ੋ ਭਾਈਚਾਰਿਆਂ ਅਤੇ ਘਾਟੀ ਵਿੱਚ ਰਹਿਣ ਵਾਲੇ ਮੈਤੇਈ ਭਾਈਚਾਰੇ ਦਰਮਿਆਨ ਸਾਧਨਾਂ ਦੀ ਵੰਡ ਨੂੰ ਲੈ ਕੇ ਹਮੇਸ਼ਾ ਖਿੱਚੋਤਾਣ ਰਹੀ ਹੈ। 1990 ਦੇ ਦਹਾਕੇ ਵਿੱਚ ਵੀ ਕੂਕੀ-ਨਾਗਾ ਸੰਘਰਸ਼ ਦੌਰਾਨ ਸੈਂਕੜੇ ਜਾਨਾਂ ਗਈਆਂ ਸਨ।

ਮੌਜੂਦਾ ਸੰਕਟ ਉਸੇ ਪੁਰਾਣੀ ਅੱਗ ਦਾ ਇੱਕ ਨਵਾਂ ਅਤੇ ਵਧੇਰੇ ਘਾਤਕ ਰੂਪ ਹੈ, ਜਿਸ ਵਿੱਚ ਹੁਣ ਆਧੁਨਿਕ ਹਥਿਆਰਾਂ ਅਤੇ ਡਿਜੀਟਲ ਨਫ਼ਰਤ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਹ ਸਿਰਫ਼ ਦੋ ਸਮੂਹਾਂ ਦੀ ਲੜਾਈ ਨਹੀਂ, ਸਗੋਂ ਦਹਾਕਿਆਂ ਤੋਂ ਜਮ੍ਹਾਂ ਹੋਏ ਗੁੱਸੇ ਅਤੇ ਅਸੁਰੱਖਿਆ ਦੀ ਭਾਵਨਾ ਦਾ ਵਿਸਫੋਟ ਹੈ।

ਮਣੀਪੁਰ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਸਾਨੂੰ ਮਈ 2023 ਦੇ ਘਟਨਾਕ੍ਰਮ ਵੱਲ ਮੁੜਨਾ ਪਵੇਗਾ। ਉਸ ਵੇਲੇ ਮੈਤੇਈ ਭਾਈਚਾਰੇ ਨੂੰ ‘ਅਨੁਸੂਚਿਤ ਜਨਜਾਤੀ’ ਦਾ ਦਰਜਾ ਦੇਣ ਦੀ ਮੰਗ ਅਤੇ ਉਸ ਉੱਤੇ ਹਾਈਕੋਰਟ ਦੇ ਨਿਰਦੇਸ਼ ਨੇ ਕੂਕੀ-ਜ਼ੋ ਆਦਿਵਾਸੀ ਸਮੂਹਾਂ ਵਿੱਚ ਡਰ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ। ਇਹ ਮਸਲਾ ਮਹਿਜ਼ ਰਿਜ਼ਰਵੇਸ਼ਨ ਤੱਕ ਸੀਮਿਤ ਨਹੀਂ ਸੀ। ਇਸਦੇ ਪਿੱਛੇ ਜ਼ਮੀਨੀ ਮਾਲਕੀ ਦੇ ਹੱਕ, ਸਰਕਾਰੀ ਨੌਕਰੀਆਂ, ਰਾਜਨੀਤਿਕ ਨੁਮਾਇੰਦਗੀ ਅਤੇ ਖੇਤਰੀ ਆਬਾਦੀ ਦੇ ਸੰਤੁਲਨ ਵਰਗੇ ਡੂੰਘੇ ਮੁੱਦੇ ਜੁੜੇ ਹੋਏ ਸਨ।

ਮੈਤੇਈ ਭਾਈਚਾਰਾ, ਜੋ ਰਾਜ ਦੀ ਕੁੱਲ ਆਬਾਦੀ ਦਾ ਲਗਭਗ 53% ਹੈ, ਮੁੱਖ ਤੌਰ 'ਤੇ ਕੇਂਦਰੀ ਇੰਫਾਲ ਘਾਟੀ ਵਿੱਚ ਵਸਦਾ ਹੈ (ਜੋ ਰਾਜ ਦੇ ਕੁੱਲ ਖੇਤਰਫਲ ਦਾ ਸਿਰਫ਼ 10% ਹੈ), ਜਦਕਿ ਕੂਕੀ-ਜ਼ੋ ਅਤੇ ਨਾਗਾ ਸਮੂਹ (ਲਗਭਗ 40%) ਪਹਾੜੀ ਇਲਾਕਿਆਂ ਵਿੱਚ ਰਹਿੰਦੇ ਹਨ ਜੋ 90% ਖੇਤਰਫਲ ਨੂੰ ਕਵਰ ਕਰਦੇ ਹਨ। ਮੈਤੇਈ ਲੋਕਾਂ ਦਾ ਤਰਕ ਹੈ ਕਿ ਉਹ ਪਹਾੜਾਂ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਜਦਕਿ ਪਹਾੜੀ ਕਬੀਲੇ ਘਾਟੀ ਵਿੱਚ ਆ ਸਕਦੇ ਹਨ। ਦੂਜੇ ਪਾਸੇ, ਕਬਾਇਲੀ ਸਮੂਹਾਂ ਨੂੰ ਡਰ ਹੈ ਕਿ ਸ਼ਠ ਦਰਜਾ ਮਿਲਣ ਤੋਂ ਬਾਅਦ ਮੈਤੇਈ ਉਨ੍ਹਾਂ ਦੇ ਜੰਗਲਾਂ ਅਤੇ ਸੱਭਿਆਚਾਰਕ ਹੱਕਾਂ 'ਤੇ ਕਬਜ਼ਾ ਕਰ ਲੈਣਗੇ। ਇਸ ਆਪਸੀ ਅਵਿਸ਼ਵਾਸ ਨੇ ਮਈ 2023 ਵਿੱਚ ਇੱਕ ਖੁੱਲ੍ਹੇ ਅਤੇ ਹਿੰਸਕ ਟਕਰਾਅ ਦਾ ਰੂਪ ਲੈ ਲਿਆ, ਜਿਸ ਵਿੱਚ ਹੁਣ ਤੱਕ 250 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕੋਈ 60 ਹਜ਼ਾਰ ਤੋਂ ਵੱਧ ਲੋਕ ਆਪਣੇ ਹੀ ਦੇਸ਼ ਵਿੱਚ ਸ਼ਰਨਾਰਥੀ ਬਣ ਗਏ ਹਨ ਅਤੇ ਹਜ਼ਾਰਾਂ ਘਰ ਤੇ ਧਾਰਮਿਕ ਅਸਥਾਨ ਸੁਆਹ ਦੇ ਢੇਰ ਵਿੱਚ ਤਬਦੀਲ ਹੋ ਚੁੱਕੇ ਹਨ।

ਇਹ ਸੰਘਰਸ਼ ਹੁਣ ਕੇਵਲ ਦੋ ਭਾਈਚਾਰਿਆਂ ਦੀ ਆਪਸੀ ਲੜਾਈ ਨਹੀਂ ਰਿਹਾ, ਸਗੋਂ ਇਸ ਨੇ ਇੱਕ ‘ਸਮਾਂਤਰ ਸੁਰੱਖਿਆ ਪ੍ਰਣਾਲੀ’ ਨੂੰ ਜਨਮ ਦਿੱਤਾ ਹੈ। ਹਿੰਸਾ ਦੌਰਾਨ ਸਰਕਾਰੀ ਸ਼ਸਤਰਧਾਰੀ ਟੁੱਕੜੀਆ ਤੋਂ ਪੁਲਿਸ ਸਟੇਸ਼ਨਾਂ ਤੋਂ ਲਗਭਗ 4,500 ਚੋਂ 5,000 ਆਧੁਨਿਕ ਹਥਿਆਰ ਲੁੱਟੇ ਗਏ ਸਨ। ਘਾਟੀ ਅਤੇ ਪਹਾੜੀ ਖੇਤਰਾਂ ਦੇ ਵਿਚਕਾਰ ‘ਬਫਰ ਜ਼ੋਨ’ ਬਣ ਗਏ ਹਨ, ਜਿੱਥੇ ਕੇਂਦਰੀ ਬਲਾਂ ਦੀ ਤੈਨਾਤੀ ਦੇ ਬਾਵਜੂਦ ਸਥਾਨਕ ਮਿਲੀਸ਼ੀਆ ਦਾ ਦਬਦਬਾ ਹੈ। ਜਦੋਂ ਨਾਗਰਿਕ ਰਾਜ ਦੀ ਮਸ਼ੀਨਰੀ ਤੋਂ ਭਰੋਸਾ ਗੁਆ ਕੇ ਆਪਣੀ ਸੁਰੱਖਿਆ ਲਈ ਜਾਤੀਕ ਹਥਿਆਰਬੰਦ ਟੋਲਿਆਂ ‘ਤੇ ਨਿਰਭਰ ਹੋ ਜਾਣ, ਤਾਂ ਇਹ ਰਾਜ ਦੀ ਸੰਪ੍ਰਭੂਤਾ ਦੀ ਕਮਜ਼ੋਰੀ ਅਤੇ ਇੱਕ ਵੱਡੀ ਰਾਜਨੀਤਿਕ ਅਸਫਲਤਾ ਦਾ ਸੰਕੇਤ ਹੈ।

ਇਸ ਸੁਰੱਖਿਆ ਸੰਕਟ ਨੇ ਮਣੀਪੁਰ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਨੈਸ਼ਨਲ ਹਾਈਵੇਅ-2 ਅਤੇ ਐਨ ਐਚ-37, ਜੋ ਮਣੀਪੁਰ ਦੀ ਜੀਵਨ-ਰੇਖਾ ਹਨ, ਅਕਸਰ ਜਾਤੀਕ ਸਮੂਹਾਂ ਵੱਲੋਂ ਬੰਦ ਕਰ ਦਿੱਤੇ ਜਾਂਦੇ ਹਨ। ਇਸ ਕਾਰਨ ਰਾਜ ਵਿੱਚ ਪੈਟਰੋਲ, ਰਸੋਈ ਗੈਸ ਅਤੇ ਜ਼ਰੂਰੀ ਦਵਾਈਆਂ ਦੀ ਭਾਰੀ ਕਿੱਲਤ ਹੋ ਜਾਂਦੀ ਹੈ ਅਤੇ ਕੀਮਤਾਂ ਅਸਮਾਨ ਨੂੰ ਛੂਹਣ ਲੱਗਦੀਆਂ ਹਨ। ਜਦੋਂ ਸਪਲਾਈ ਚੇਨ ਜਾਤੀਕ ਲੀਹਾਂ 'ਤੇ ਵੰਡੀ ਜਾਵੇ, ਤਾਂ ਆਮ ਆਦਮੀ ਦਾ ਜੀਵਨ ਨਰਕ ਬਣ ਜਾਂਦਾ ਹੈ। ਵਪਾਰੀ ਹੁਣ ਨਵੇਂ ਨਿਵੇਸ਼ ਤੋਂ ਡਰ ਰਹੇ ਹਨ ਅਤੇ ਸਥਾਨਕ ਉਦਯੋਗ ਪੂਰੀ ਤਰ੍ਹਾਂ ਠੱਪ ਹੋ ਚੁੱਕੇ ਹਨ। ਆਰਥਿਕ ਤੰਗੀ ਨੌਜਵਾਨਾਂ ਨੂੰ ਹੋਰ ਜ਼ਿਆਦਾ ਹਿੰਸਾ ਅਤੇ ਅਪਰਾਧ ਵੱਲ ਧੱਕ ਰਹੀ ਹੈ, ਜੋ ਰਾਸ਼ਟਰੀ ਸੁਰੱਖਿਆ ਲਈ ਇੱਕ 'ਦੁਸ਼ਟ ਚੱਕਰ' ਬਣ ਗਿਆ ਹੈ।

ਅਪ੍ਰੈਲ 2026 ਦੀਆਂ ਤਾਜ਼ਾ ਘਟਨਾਵਾਂ ਨੇ ਦੱਸਿਆ ਕਿ ਸ਼ਾਂਤੀ ਦੀਆਂ ਕੋਸ਼ਿਸ਼ਾਂ ਕਿੰਨੀਆਂ ਕਮਜ਼ੋਰ ਹਨ। ਬਿਸ਼ਨੁਪੁਰ ਵਿੱਚ ਬੱਚਿਆਂ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਹਿੰਸਾ ਨੇ ਰਾਜਧਾਨੀ ਇੰਫਾਲ ਤੱਕ ਪੈਰ ਪਸਾਰੇ, ਉਸਨੇ ਪ੍ਰਸ਼ਾਸਨਿਕ ਚੌਕਸੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ।ਇੱਕ ਰਿਹਾਇਸ਼ੀ ਘਰ ‘ਤੇ ਹੋਏ ਡਰੋਨ ਜਾਂ ਬੰਬ ਹਮਲੇ ਵਿੱਚ ਦੋ ਬੱਚਿਆਂ ਦੀ ਮੌਤ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਸੀ। ਹਾਲਾਂਕਿ ਦੋਵੇਂ ਧਿਰਾਂ ਇੱਕ-ਦੂਜੇ ‘ਤੇ ਦੋਸ਼ ਲਗਾ ਰਹੀਆਂ ਹਨ, ਪਰ ਇਸ ਘਟਨਾ ਨੇ ਇਹ ਸਾਬਤ ਕਰ ਦਿੱਤਾ ਕਿ ਮਣੀਪੁਰ ਵਿੱਚ ਅਜੇ ਵੀ ਅੰਦਰੂਨੀ ਨਫ਼ਰਤ ਦਾ ਲਾਵਾ ਉਬਾਲੇ ਮਾਰ ਰਿਹਾ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਅਤੇ ਜਾਂਚ ਦਾ ਕੰਮ ਐਨ.ਆਈ.ਏ. ਨੂੰ ਸੌਂਪਣਾ ਦੱਸਦਾ ਹੈ ਕਿ ਸਥਿਤੀ ਸਥਾਨਕ ਪ੍ਰਸ਼ਾਸਨ ਦੇ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਨੇ ਵਿਦਿਆਰਥੀਆਂ ਅਤੇ ਫ੍ਰੀਲਾਂਸਰਾਂ ਦਾ ਭਵਿੱਖ ਦਾਅ 'ਤੇ ਲਗਾ ਦਿੱਤਾ ਹੈ, ਜਿਸ ਨਾਲ ਲੋਕਾਂ ਵਿੱਚ ਸਰਕਾਰ ਪ੍ਰਤੀ ਬੇਗਾਨਗੀ ਵਧੀ ਹੈ।

ਮਣੀਪੁਰ ਦੀ ਸਮੱਸਿਆ ਨੂੰ ਸਿਰਫ਼ ਘਰੇਲੂ ਝਗੜਾ ਮੰਨਣਾ ਇੱਕ ਵੱਡੀ ਭੁੱਲ ਹੋਵੇਗੀ। ਮਣੀਪੁਰ ਦੀ ਲਗਭਗ 400 ਕਿਲੋਮੀਟਰ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ। ਮਿਆਂਮਾਰ ਵਿੱਚ ਫੌਜੀ ਤਖ਼ਤਾਪਲਟ ਤੋਂ ਬਾਅਦ ਪੈਦਾ ਹੋਈ ਅਸਥਿਰਤਾ ਨੇ ਮਣੀਪੁਰ ਦੇ ਸੰਕਟ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਸਰਹੱਦ ਪਾਰੋਂ ਘੁਸਪੈਠ, ਹਥਿਆਰਾਂ ਦੀ ਸਮਗਲਿੰਗ ਅਤੇ ਨਸ਼ਾ ਤਸਕਰੀ ਵਿੱਚ ਵਾਧਾ ਹੋਇਆ ਹੈ। ਕੂਕੀ-ਜ਼ੋ ਭਾਈਚਾਰੇ ਦੇ ਮਿਆਂਮਾਰ ਦੇ ‘ਚਿਨ’ ਇਲਾਕੇ ਨਾਲ ਨਸਲੀ ਸਬੰਧ ਇਸ ਸਰਹੱਦ ਨੂੰ ਹੋਰ ਵਧੇਰੇ ਸੰਵੇਦਨਸ਼ੀਲ ਬਣਾ ਦਿੰਦੇ ਹਨ। ਭਾਰਤੀ ਸੁਰੱਖਿਆ ਏਜੰਸੀਆਂ ਲਈ ਇਹ 'ਟਵਿਨ ਚੈਲੇਂਜ' ਹੈ। ਇੱਕ ਪਾਸੇ ਅੰਦਰੂਨੀ ਨਸਲੀ ਜੰਗ ਅਤੇ ਦੂਜੇ ਪਾਸੇ ਬਾਹਰੀ ਦੇਸ਼ਾਂ ਤੋਂ ਆ ਰਹੀ ਅਸਥਿਰਤਾ।

ਇਸ ਸਰਹੱਦੀ ਅਸ਼ਾਂਤੀ ਦਾ ਇੱਕ ਖ਼ਤਰਨਾਕ ਪਹਿਲੂ ਨਸ਼ਾ ਤਸਕਰੀ ਹੈ। ਮਣੀਪੁਰ 'ਗੋਲਡਨ ਟ੍ਰਾਈਐਂਗਲ' ਦੇ ਬਹੁਤ ਨੇੜੇ ਹੈ, ਜਿੱਥੋਂ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਮੈਥਾਮਫੇਟਾਮਾਈਨ ਵਰਗੇ ਨਸ਼ੇ ਭਾਰਤ ਵਿੱਚ ਪ੍ਰਵੇਸ਼ ਕਰਦੇ ਹਨ। ਹਿੰਸਾ ਕਾਰਨ ਸਰਹੱਦੀ ਨਿਗਰਾਨੀ ਕਮਜ਼ੋਰ ਹੋਣ ਦਾ ਫਾਇਦਾ ਉਠਾ ਕੇ 'ਡਰੱਗ ਲੋਰਡਸ' ਆਪਣੇ ਨੈੱਟਵਰਕ ਮਜ਼ਬੂਤ ਕਰ ਰਹੇ ਹਨ। ਅਫੀਮ ਦੀ ਖੇਤੀ ਦੇ ਖਾਤਮੇ ਨੂੰ ਲੈ ਕੇ ਹੋਈ ਸਰਕਾਰੀ ਸਖ਼ਤੀ ਵੀ ਇਸ ਹਿੰਸਾ ਦਾ ਇੱਕ ਪਰੋਖ ਕਾਰਨ ਮੰਨੀ ਜਾਂਦੀ ਹੈ। ਜਦੋਂ ਨਸ਼ਾ ਤਸਕਰੀ ਤੋਂ ਹੋਣ ਵਾਲੀ ਕਮਾਈ ਹਥਿਆਰਬੰਦ ਗਰੁੱਪਾਂ ਦੇ ਹੱਥ ਲੱਗਦੀ ਹੈ, ਤਾਂ ਉਹ ਰਾਜ ਦੀ ਸੱਤਾ ਨੂੰ ਚੁਣੌਤੀ ਦੇਣ ਦੇ ਸਮਰੱਥ ਹੋ ਜਾਂਦੇ ਹਨ। ਇਹ ਭਾਰਤ ਦੀ ਨੌਜਵਾਨ ਪੀੜ੍ਹੀ ਅਤੇ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਗੁਪਤ ਖ਼ਤਰਾ ਹੈ।

ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੇ ਇਸ ਸੰਕਟ ਦੌਰਾਨ ਕੇਂਦਰ ਸਰਕਾਰ ਦੀ ਭੂਮਿਕਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਧਾਰਾ 355 ਦੀ ਵਰਤੋਂ ਅਤੇ ਭਾਰੀ ਫੌਜੀ ਤੈਨਾਤੀ ਦੇ ਬਾਵਜੂਦ, ਸਿਆਸੀ ਗੱਲਬਾਤ ਦਾ ਮੇਜ਼ ਅਜੇ ਵੀ ਖਾਲੀ ਹੈ। ਗੁਜ਼ਰੇ ਤਿੰਨ ਸਾਲਾਂ ਵਿੱਚ ਕੇਂਦਰ ਸਰਕਾਰ ਨੇ ਕਈ ਕਦਮ ਚੁੱਕੇ। ਭਾਰੀ ਗਿਣਤੀ ਵਿੱਚ ਅਰਧ-ਸੈਨਿਕ ਬਲ ਭੇਜੇ ਗਏ, ਮੁੱਖ ਮੰਤਰੀ ਦੇ ਅਧਿਕਾਰਾਂ ਵਿੱਚ ਫੇਰਬਦਲ ਹੋਏ, ਪਰ ਕੋਈ ਵੀ ‘ਸਥਾਈ ਰਾਜਨੀਤਿਕ ਹੱਲ’ ਸਾਹਮਣੇ ਨਹੀਂ ਆਇਆ। ਫੌਜੀ ਤੈਨਾਤੀ ਨਾਲ ਹਿੰਸਾ ਨੂੰ ਕੁਝ ਸਮੇਂ ਲਈ ਰੋਕਿਆ ਤਾਂ ਜਾ ਸਕਦਾ ਹੈ, ਪਰ ਦਿਲਾਂ ਵਿੱਚ ਵਸੀ ਨਫ਼ਰਤ ਨੂੰ ਨਹੀਂ ਮਿਟਾਇਆ ਜਾ ਸਕਦਾ। ਕੂਕੀ ਭਾਈਚਾਰਾ ਰਾਜ ਸਰਕਾਰ ਨੂੰ ਪੱਖਪਾਤੀ ਮੰਨਦਾ ਹੈ, ਜਦਕਿ ਮੈਤੇਈ ਭਾਈਚਾਰਾ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਸ ਆਪਸੀ ਸੰਦੇਹ ਵਿੱਚ ਦਿੱਲੀ ਦਾ ਦਖ਼ਲ ਅਕਸਰ ਬਹੁਤ ਦੇਰ ਨਾਲ ਅਤੇ ਬੇਅਸਰ ਪ੍ਰਤੀਤ ਹੁੰਦਾ ਹੈ।

ਹਿੰਸਾ ਦੇ ਇਸ ਦੌਰ ਵਿੱਚ ਸਭ ਤੋਂ ਵੱਧ ਮਾਰ ਔਰਤਾਂ ਅਤੇ ਬੱਚਿਆਂ 'ਤੇ ਪਈ ਹੈ। ਮਣੀਪੁਰ ਤੋਂ ਆਈਆਂ ਔਰਤਾਂ ਨਾਲ ਬਦਸਲੂਕੀ ਦੀਆਂ ਵੀਡੀਓਜ਼ ਨੇ ਪੂਰੀ ਦੁਨੀਆ ਨੂੰ ਸ਼ਰਮਸਾਰ ਕੀਤਾ ਸੀ। ਰਾਹਤ ਕੈਂਪਾਂ ਵਿੱਚ ਰਹਿ ਰਹੇ ਹਜ਼ਾਰਾਂ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ ਅਤੇ ਲਗਾਤਾਰ ਡਰ ਦੇ ਸਾਏ ਹੇਠ ਰਹਿਣ ਕਾਰਨ 'ਪੋਸਟ-ਟਰਾਮੈਟਿਕ ਸਟ੍ਰੈਸ ਡਿਸਆਰਡਰ' ਦਾ ਸ਼ਿਕਾਰ ਹੋ ਰਹੇ ਹਨ। ਇੱਕ ਪੂਰੀ ਪੀੜ੍ਹੀ ਨਫ਼ਰਤ ਅਤੇ ਹਿੰਸਾ ਦੇ ਮਾਹੌਲ ਵਿੱਚ ਪਲ ਰਹੀ ਹੈ। ਜੇਕਰ ਇਨ੍ਹਾਂ ਬੱਚਿਆਂ ਦੇ ਮਨਾਂ ਵਿੱਚੋਂ ਹਿੰਸਾ ਦੇ ਨਿਸ਼ਾਨ ਨਾ ਮਿਟਾਏ ਗਏ, ਤਾਂ ਭਵਿੱਖ ਵਿੱਚ ਉਹ ਮੁੱਖ ਧਾਰਾ ਨਾਲ ਕਿਵੇਂ ਜੁੜਨਗੇ? ਇਹ ਇੱਕ ਮਨੁੱਖੀ ਤਰਾਸਦੀ ਹੈ ਜਿਸਦਾ ਇਲਾਜ ਕਿਸੇ ਹਥਿਆਰ ਕੋਲ ਨਹੀਂ ਹੈ।

ਮੀਡੀਆ ਦੀ ਭੂਮਿਕਾ ਇਸ ਸੰਕਟ ਵਿੱਚ ਬਹੁਤ ਹੀ ਵਿਵਾਦਪੂਰਨ ਰਹੀ ਹੈ। ਜਿੱਥੇ ਰਾਸ਼ਟਰੀ ਮੀਡੀਆ ਨੇ ਇਸ ਨੂੰ ਇੱਕ 'ਦੂਰ-ਦੁਰਾਡੇ' ਦੀ ਘਟਨਾ ਵਜੋਂ ਦੇਖਿਆ, ਉੱਥੇ ਹੀ ਸੋਸ਼ਲ ਮੀਡੀਆ ਨੇ ਅੱਗ ਲਗਾਉਣ ਵਾਲੀ ਸਮੱਗਰੀ ਪਰੋਸੀ। 'ਫੇਕ ਨਿਊਜ਼' ਅਤੇ 'ਡੀਪ ਫੇਕ' ਤਕਨੀਕ ਰਾਹੀਂ ਭਾਈਚਾਰਿਆਂ ਨੂੰ ਭੜਕਾਇਆ ਗਿਆ। ਇਸ ਨੇ ਸਾਬਤ ਕੀਤਾ ਕਿ ਅੱਜ ਦੇ ਦੌਰ ਵਿੱਚ ਜਾਣਕਾਰੀ ਦਾ ਗਲਤ ਇਸਤੇਮਾਲ ਕਿਸੇ ਪ੍ਰਮਾਣੂ ਹਮਲੇ ਤੋਂ ਘੱਟ ਨਹੀਂ ਹੈ। ਇਹ ਸਪਸ਼ਟ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਵਿੱਚ ‘ਜਾਣਕਾਰੀ ਦਾ ਪ੍ਰਬੰਧ’ ਵੀ ਸੁਰੱਖਿਆ ਪ੍ਰਬੰਧ ਜਿੰਨਾ ਹੀ ਜ਼ਰੂਰੀ ਹੈ।

ਮਣੀਪੁਰ ਦੀ ਅਸ਼ਾਂਤੀ ਹੁਣ ਭਾਰਤ ਦਾ ਅੰਦਰੂਨੀ ਮਸਲਾ ਹੋਣ ਦੇ ਨਾਲ-ਨਾਲ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ। ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮਣੀਪੁਰ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ ਹੈ। ਭਾਰਤ, ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਤੇ ਇੱਕ ਉੱਭਰ ਰਹੀ ਗਲੋਬਲ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਲਈ ਆਪਣੇ ਹੀ ਇੱਕ ਰਾਜ ਵਿੱਚ ਤਿੰਨ ਸਾਲਾਂ ਤੱਕ ਹਿੰਸਾ ਨਾ ਰੋਕ ਸਕਣਾ ਇੱਕ ਰਾਜਨੀਤਿਕ ਨਮੋਸ਼ੀ ਹੈ। ਇਹ ਸਾਡੀ 'ਸਾਫਟ ਪਾਵਰ' ਨੂੰ ਢਾਹ ਲਾਉਂਦਾ ਹੈ ਅਤੇ ਗੁਆਂਢੀ ਦੇਸ਼ਾਂ ਨੂੰ ਦਖ਼ਲਅੰਦਾਜ਼ੀ ਦਾ ਮੌਕਾ ਦਿੰਦਾ ਹੈ। ਜੇਕਰ ਮਣੀਪੁਰ ਦੀ ਅੱਗ ਨੂੰ ਨਾ ਬੁਝਾਇਆ ਗਿਆ, ਤਾਂ ਇਸਦੇ ਦੂਰਗਾਮੀ ਨਤੀਜੇ ਹੋਣਗੇ। ਉੱਤਰ-ਪੂਰਬ ਦੇ ਹੋਰ ਰਾਜ ਜਿਵੇਂ ਕਿ ਨਾਗਾਲੈਂਡ ਅਤੇ ਮਿਜ਼ੋਰਮ ਵੀ ਇਸ ਤੋਂ ਪ੍ਰਭਾਵਿਤ ਹੋ ਸਕਦੇ ਹਨ। ਭਾਰਤ ਦੀ 'ਐਕਟ ਈਸਟ ਪਾਲਿਸੀ', ਜਿਸਦਾ ਮਕਸਦ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਮਜ਼ਬੂਤ ਸਬੰਧ ਬਣਾਉਣਾ ਹੈ, ਮਣੀਪੁਰ ਦੇ ਰਸਤਿਓਂ ਹੀ ਗੁਜ਼ਰਦੀ ਹੈ। ਅਸ਼ਾਂਤ ਮਣੀਪੁਰ ਦਾ ਮਤਲਬ ਹੈ—ਭਾਰਤ ਦੇ ਵਿਕਾਸ ਦੇ ਦਰਵਾਜ਼ੇ 'ਤੇ ਜਿੰਦਰਾ ਲੱਗਣਾ।

ਕੇਵਲ ਸਰਕਾਰੀ ਹੱਲ ਕਾਫ਼ੀ ਨਹੀਂ ਹੋਣਗੇ। ਮਣੀਪੁਰ ਦੇ ਨਾਗਰਿਕ ਸਮਾਜ ਅਤੇ ਧਾਰਮਿਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ। ਮੈਤੇਈ ਅਤੇ ਕੂਕੀ ਜ਼ੋ ਦੋਵਾਂ ਪਾਸਿਆਂ ਦੇ ਸੂਝਵਾਨ ਲੋਕਾਂ ਨੂੰ ਇੱਕ ਸਾਂਝਾ ਮੰਚ ਤਿਆਰ ਕਰਨਾ ਚਾਹੀਦਾ ਹੈ। ਜਦੋਂ ਤੱਕ ਸਮਾਜ ਦੇ ਅੰਦਰੋਂ 'ਸੁਲ੍ਹਾ-ਸਫਾਈ' ਦੀ ਆਵਾਜ਼ ਨਹੀਂ ਉੱਠਦੀ, ਉਦੋਂ ਤੱਕ ਬਾਹਰੋਂ ਲਾਗੂ ਕੀਤੀ ਗਈ ਸ਼ਾਂਤੀ ਅਸਥਾਈ ਹੀ ਰਹੇਗੀ। ਸ਼ਾਂਤੀ ਕਮੇਟੀਆਂ ਨੂੰ ਸਿਰਫ਼ ਨਾਮ ਦੇ ਕਾਗਜ਼ਾਂ ਤੱਕ ਸੀਮਿਤ ਨਹੀਂ ਰੱਖਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਦੁੱਖ-ਦਰਦ ਸੁਣਨ ਅਤੇ ਵੰਡੀਆਂ ਨੂੰ ਮਿਟਾਉਣ ਲਈ ਕੰਮ ਕਰਨਾ ਪਵੇਗਾ।

ਮਣੀਪੁਰ ਦਾ ਸੰਕਟ ਇੱਕ ਬਹੁ-ਪੱਖੀ ਚੁਣੌਤੀ ਹੈ। ਇਸ ਦਾ ਹੱਲ ਸਿਰਫ਼ ਫੌਜੀ ਤਾਕਤ ਵਿੱਚ ਨਹੀਂ, ਸਗੋਂ ਮਾਨਵੀ ਸੰਵੇਦਨਸ਼ੀਲਤਾ ਵਿੱਚ ਹੈ। ਕੇਂਦਰ ਨੂੰ ਤੁਰੰਤ ਸਾਰੀਆਂ ਧਿਰਾਂ ਨਾਲ ਬਿਨਾਂ ਕਿਸੇ ਪੂਰਵ-ਸ਼ਰਤ ਦੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਰਾਜ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਨੂੰ ਜ਼ਬਤ ਕਰਨਾ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਬਹਾਲ ਹੋ ਸਕੇ। ਮਿਆਂਮਾਰ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰਕੇ ਤਕਨੀਕੀ ਨਿਗਰਾਨੀ ਹੇਠ ਲਿਆਉਣਾ ਚਾਹੀਦਾ ਹੈ।

ਮਣੀਪੁਰ ਅੱਜ ਭਾਰਤ ਲਈ ਇੱਕ ਚੇਤਾਵਨੀ ਹੈ। ਇਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਸਾਹਮਣੇ ਇੱਕ ਵੱਡਾ ਇਮਤਿਹਾਨ ਹੈ। ਜੇਕਰ ਅਸੀਂ ਮਣੀਪੁਰ ਨੂੰ ਨਿਆਂ ਅਤੇ ਸ਼ਾਂਤੀ ਦੇਣ ਵਿੱਚ ਅਸਫਲ ਰਹਿੰਦੇ ਹਾਂ, ਤਾਂ ਇਹ ਸਾਡੇ ਲੋਕਤੰਤਰ 'ਤੇ ਇੱਕ ਸਥਾਈ ਕਲੰਕ ਹੋਵੇਗਾ। ਮਣੀਪੁਰ ਦੀਆਂ ਸਰਹੱਦਾਂ 'ਤੇ ਤਾਇਨਾਤ ਜਵਾਨ ਤਾਂ ਦੇਸ਼ ਦੀ ਰਾਖੀ ਕਰ ਰਹੇ ਹਨ, ਪਰ ਦੇਸ਼ ਦੇ ਅੰਦਰੂਨੀ ਹਿੱਸੇ ਵਿੱਚ ਭਾਈਚਾਰਕ ਸਾਂਝ ਦੀ ਰਾਖੀ ਕਰਨਾ ਸਾਡੀ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ। ਉੱਤਰ-ਪੂਰਬ ਦੀ ਸ਼ਾਂਤੀ ਸਿਰਫ਼ ਫੌਜੀ ਬੂਟਾਂ ਦੀ ਗੂੰਜ ਨਾਲ ਨਹੀਂ, ਸਗੋਂ ਨਿਆਂਸੰਗਤ ਰਾਜਨੀਤਿਕ ਵਿਵਸਥਾ ਅਤੇ ਆਪਸੀ ਵਿਸ਼ਵਾਸ ਦੀ ਬਹਾਲੀ ਨਾਲ ਹੀ ਆਵੇਗੀ। ਜਦੋਂ ਤੱਕ ਮਣੀਪੁਰ ਦੇ ਆਮ ਨਾਗਰਿਕ ਦੇ ਮਨ ਵਿੱਚੋਂ ਡਰ ਨਹੀਂ ਨਿਕਲਦਾ, ਉਦੋਂ ਤੱਕ ਭਾਰਤ ਦੀਆਂ ਸਰਹੱਦਾਂ ‘ਤੇ ਅਸਲੀ ਸੁਰੱਖਿਆ ਦਾ ਦਾਅਵਾ ਅਧੂਰਾ ਹੀ ਰਹੇਗੀ।



**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**
**ਈਮੇਲ:**
**gurpreetnews@gmial.com**

# ਪਿੰਡ ਤਰਖਾਣ ਮਜਾਰਾ ਦੇ ਅਸ਼ੋਕਾ ਬੁੱਧ ਵਿਹਾਰ ਚ ਬੁੱਧ ਪੂਰਨਿਮਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ








**ਜਲੰਧਰ–** ਪਿੰਡ ਤਰਖਾਣ ਮਜਾਰਾ ਦੇ ਅਸ਼ੋਕਾ ਬੁੱਧ ਵਿਹਾਰ ਚ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਬੁੱਧ ਪੂਰਨਿਮਾ ਮਨਾਈ ਗਈ। ਸੱਭ ਤੋਂ ਪਹਿਲਾਂ ਬੁੱਧ ਵਿਹਾਰ ਵਿਖੇ ਪੰਚਸ਼ੀਲ ਦੇ ਝੰਡੇ ਲਹਿਰਾਏ ਗਏ ਅਤੇ ਪਾਣੀ ਦੀ ਛਬੀਲ ਲਗਾਈ ਗਈ। ਉਸ ਤੋਂ ਬਾਅਦ " ਬੁੱਧਗੰ ਸ਼ਰਣਗੰ ਗੱਛਾਮੀ, ਧੱਮਗੰ ਸ਼ਰਣਗੰ ਗੱਛਾਮੀ, ਸ਼ੰਘਗੰ ਸ਼ਰਣਗੰ ਗੱਛਾਮੀ" ਦਾ ਉਚਾਰਨ ਕਰਦੇ ਹੋਏ ਪੂਰੇ ਪਿੰਡ ਚ ਸ਼ੋਭਾ ਯਾਤਰਾ ਕੱਢੀ ਗਈ।

ਇਸ ਤੋਂ ਉਪਰੰਤ ਪ੍ਰੋਗਰਾਮ ਸ਼ੁਰੂ ਹੋਇਆ ਜਿਸ ਵਿਚ ਬੁਲਾਰਿਆਂ ਨੇ ਬੁੱਧ, ਧੱਮ ਅਤੇ ਸੰਘ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਸੱਭ ਬੁਲਾਰਿਆਂ ਨੇ ਬੁੱਧ ਅਤੇ ਬਾਬਾ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਆਉਣ ਵਾਲੀ ਜਨਗਣਨਾ ਚ ਬਾਬਾ ਦੇ ਭਾਰਤ ਨੂੰ ਬੁੱਧਮਈ ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨ ਲਈ ਬੋਧੀ ਲਿਖਵਾਉਣ ਉੱਤੇ ਜ਼ੋਰ ਦਿੱਤਾ। ਮੁੱਖ ਬੁਲਾਰਿਆਂ ਚ ਸਰਵਸ੍ਰੀ ਜਸਵੀਰ ਸਿੰਘ ਮੋਰੋਂ, ਸੰਜੀਵ ਕੁਮਾਰ ਭੌਰਾ, ਚਰਨਜੀਤ ਪੁਆਰੀ, ਰਾਮ ਦਾਸ ਗੁਰੂ, ਅਸ਼ਵਨੀ ਕੁਮਾਰ ਅਤੇ ਇੰਨਕਲਾਬ ਸਨ।

ਸ੍ਰੀ ਹਰਮੇਸ਼ ਜੱਸਲ ਨੇ ਪੰਜਾਬ ਦੇ ਬੋਧੀ ਇਤਿਹਾਸ ਉਪਰ ਚਾਨਣਾ ਪਾਉਂਦੇ ਹੋਏ ਕਿਹਾ ਕਿ ਕਦੀ ਪੰਜਾਬ ਬੋਧੀਆਂ ਤੋਂ ਸੱਖਣਾ ਸੀ, ਅੱਜ ਪੰਜਾਬ ਵਿਚ 22 ਬੁੱਧ ਵਿਹਾਰ ਬਣ ਚੁੱਕੇ ਹਨ ਜਿਥੋਂ ਲਗਾਤਾਰ ਬੁੱਧ ਧਰਮ ਦਾ ਪ੍ਰਚਾਰ ਪ੍ਰਸਾਰ ਹੋ ਰਿਹਾ ਹੈ। ਉਨ੍ਹਾਂ ਨੇ ਹਿਊਨ ਸਾਂਗ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਹਿਊਨ ਸਾਂਗ ਜਲੰਧਰ ਆਇਆ ਸੀ ਤਾਂ ਉਸਨੇ ਇਥੇ 50 ਬੁੱਧ ਵਿਹਾਰ ਦੇਖੇ ਸਨ ਜਿੱਥੇ ਲਗਭਗ 2000 ਭਿਖਸ਼ੂ ਬੁੱਧ ਧੱਮ ਦੀ ਸਿੱਖਿਆ ਦਿੰਦੇ ਸਨ। ਉਨ੍ਹਾਂ ਨੇ ਕਿਹਾ ਕਿ ਉਹ ਦਿਨ ਦੂਰ ਨਹੀ ਜਦੋਂ ਅਸੀਂ 50 ਬੁੱਧ ਵਿਹਾਰ ਬਣਾਉਣ ਦਾ ਟਾਰਗੇਟ ਪੂਰਾ ਕਰ ਲਵਾਂਗੇ। ਉਨ੍ਹਾਂ ਨੇ ਅਪੀਲ ਕੀਤੀ ਕਿ ਆਪਣੇ ਪੁਰਖਿਆਂ ਦਾ ਇਤਿਹਾਸ ਜਾਨਣ ਲਈ ' ਪੰਜਾਬ ਦਾ ਬੋਧੀ ਇਤਿਹਾਸ ' ਪੁਸਤਕ ਜ਼ਰੂਰ ਪੜ੍ਹੋ। ਪੱਤਵੰਤੇ ਸੱਜਣਾਂ, ਦਾਨੀਆਂ ਅਤੇ ਬੁਲਾਰਿਆਂ ਦਾ ਸਨਮਾਨ ਕੀਤਾ ਗਿਆ। ਬੱਚਿਆਂ ਨੇ ਵੀ ਕਵਿਤਾਵਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ। ਭੰਤੇ ਚੰਦਰ ਕੀਰਤੀ ਜੀ ਨੇ ਅਸ਼ੀਰਵਾਦ ਦਿੰਦੇ ਹੋਏ, ਮੰਗਲ ਕਾਮਨਾ ਨਾਲ ਸਮਾਗਮ ਦੀ ਸਮਾਪਤੀ ਕੀਤੀ। ਅਖੀਰ ਵਿਚ ਸੱਭ ਨੂੰ ਲੰਗਰ ਵਰਤਾਇਆ ਗਿਆ।

... **ਰਿਪੋਰਟ ਹਰਮੇਸ਼ ਜੱਸਲ**

# ਜੈ ਗੁਰਦੇਵ ਜੀ

ਜਦੋਂ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਸੰਤ ਰਾਮਾਨੰਦ ਜੀ ਦੀ ਸ਼ਹੀਦੀ ਨੇੜੇ ਆਉਂਦੀ ਹੈ, ਤਦੋਂ ਸਮੂਹ ਰਵਿਦਾਸੀਆ ਕੌਮ ਸਿਰ ਨਿਵਾ ਕੇ ਉਨ੍ਹਾਂ ਨੂੰ ਯਾਦ ਕਰਦੀ ਹੈ ਅਤੇ ਗੰਭੀਰ ਚਿੰਤਨ ਕਰਦੀ ਹੈ। ਇਹ ਸਿਰਫ਼ ਇੱਕ ਮਹਾਨ ਆਤਮਾ ਨੂੰ ਸ਼ਰਧਾਂਜਲੀ ਦੇਣ ਦਾ ਸਮਾਂ ਨਹੀਂ, ਸਗੋਂ ਆਪਣੇ ਅੰਦਰ ਝਾਤ ਮਾਰ ਕੇ ਉਸ ਰਾਹ ਨਾਲ ਦੁਬਾਰਾ ਜੁੜਨ ਦਾ ਸਮਾਂ ਹੈ, ਜੋ ਉਨ੍ਹਾਂ ਸਾਨੂੰ ਦਿਖਾਇਆ।

ਸੰਤ ਰਾਮਾਨੰਦ ਜੀ, ਡੇਰਾ ਸੱਚਖੰਡ ਬੱਲਾਂ ਦੇ ਉੱਚ ਕੋਟੀ ਦੇ ਸੇਵਾਦਾਰ ਸਨ—ਸਰਲਤਾ ਅਤੇ ਨਿਮਰਤਾ ਦੇ ਪ੍ਰਤੀਕ, ਪਰ ਆਪਣੇ ਉਦੇਸ਼ ਵਿੱਚ ਅਡੋਲ ਅਤੇ ਦ੍ਰਿੜ। ਉਨ੍ਹਾਂ ਦੀ ਪੂਰੀ ਜ਼ਿੰਦਗੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਉਪਦੇਸ਼ਾਂ ਨਾਲ ਸੰਗਤ ਨੂੰ ਜੋੜਨ ਲਈ ਸਮਰਪਿਤ ਰਹੀ, ਜਿਨ੍ਹਾਂ ਦਾ ਸੰਦੇਸ਼ ਸਮਾਨਤਾ, ਮਾਨ-ਮਰਯਾਦਾ ਅਤੇ ਦਿਵਿਆ ਪ੍ਰੇਮ 'ਤੇ ਆਧਾਰਿਤ ਹੈ।

ਇਹ ਪਵਿੱਤਰ ਮਿਸ਼ਨ ਕਿਸੇ ਇੱਕ ਵਿਅਕਤੀ ਤੱਕ ਸੀਮਿਤ ਨਹੀਂ, ਸਗੋਂ ਸੰਤ ਪਰੰਪਰਾ ਦੀ ਲਗਾਤਾਰ ਧਾਰਾ ਹੈ।

ਇਸ ਦੀ ਨੀਂਹ ਬਾਬਾ ਪੀਪਲ ਦਾਸ ਜੀ ਨੇ ਰੱਖੀ। ਉਨ੍ਹਾਂ ਦੇ ਉਤਰਾਧਿਕਾਰੀ ਸੰਤ ਸਰਵਣ ਦਾਸ ਜੀ ਨੇ ਡੇਰੇ ਨੂੰ ਸੰਗਤ ਲਈ ਇੱਕ ਆਧਿਆਤਮਿਕ ਕੇਂਦਰ ਵਜੋਂ ਸਥਾਪਿਤ ਕੀਤਾ—ਜਿੱਥੇ ਲੋਕਾਂ ਨੂੰ ਮਾਰਗਦਰਸ਼ਨ ਮਿਲਿਆ ਅਤੇ ਉਨ੍ਹਾਂ ਨੂੰ ਗੁਰੂ ਰਵਿਦਾਸ ਜੀ ਦੇ ਸੱਚੇ ਉਪਦੇਸ਼ਾਂ ਨਾਲ ਜੋੜਿਆ ਗਿਆ।

ਉਨ੍ਹਾਂ ਤੋਂ ਬਾਅਦ ਸੰਤ ਹਰੀ ਦਾਸ ਜੀ ਨੇ ਇਸ ਮਿਸ਼ਨ ਨੂੰ ਮਜ਼ਬੂਤੀ ਦਿੱਤੀ, ਅਤੇ ਸੰਤ ਗਰੀਬ ਦਾਸ ਜੀ ਨੇ ਡੇਰੇ ਅਤੇ ਗੁਰੂ ਰਵਿਦਾਸ ਜੀ ਦੇ ਉਪਦੇਸ਼ਾਂ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ।

ਵਰਤਮਾਨ ਵਿੱਚ ਸੰਤ ਨਿਰੰਜਨ ਦਾਸ ਜੀ ਦੀ ਰਹਿਨੁਮਾਈ ਹੇਠ ਇਹ ਜੋਤ ਜਾਰੀ ਹੈ। ਉਨ੍ਹਾਂ ਦੇ ਨਾਲ ਸੰਤ ਰਾਮਾਨੰਦ ਜੀ ਨੇ ਪੂਰੀ ਨਿਸ਼ਠਾ ਨਾਲ ਸੇਵਾ ਨਿਭਾਈ ਅਤੇ ਇਸ ਮਿਸ਼ਨ ਨੂੰ ਸਪਸ਼ਟਤਾ ਅਤੇ ਹਿੰਮਤ ਨਾਲ ਅੱਗੇ ਵਧਾਇਆ।

ਸੰਤ ਰਾਮਾਨੰਦ ਜੀ ਹਮੇਸ਼ਾ ਇਹ ਸਿੱਖਿਆ ਦਿੰਦੇ ਰਹੇ ਕਿ ਸੱਚਾ ਮਾਰਗ ਅੰਮ੍ਰਿਤ ਬਾਣੀ ਗੁਰੂ ਰਵਿਦ-ਾਸ ਜੀ ਵਿੱਚ ਨਿਹਿਤ ਹੈ। ਉਨ੍ਹਾਂ ਨੇ ਸੰਗਤ ਨੂੰ ਪ੍ਰੇਰਿਤ ਕੀਤਾ ਕਿ ਸਿਰਫ਼ ਪਾਠ ਹੀ ਨਾ ਕੀਤਾ ਜਾਵੇ, ਸਗੋਂ ਇਸਨੂੰ ਸਮਝਿਆ ਅਤੇ ਜੀਵਨ ਵਿੱਚ ਅਮਲ ਕੀਤਾ ਜਾਵੇ।

ਉਨ੍ਹਾਂ ਦੀ ਜ਼ਿੰਦਗੀ ਨਿਮਰਤਾ, ਸੱਚਾਈ ਅਤੇ ਦ੍ਰਿੜਤਾ ਦਾ ਪ੍ਰਤੀਕ ਸੀ। ਉਨ੍ਹਾਂ ਇਹ ਦਰਸਾਇਆ ਕਿ ਆਧਿਆਤਮਿਕ ਜੀਵਨ ਕੇਵਲ ਰਸਮਾਂ ਤੱਕ ਸੀਮਿਤ ਨਹੀਂ ਹੁੰਦਾ, ਸਗੋਂ ਇਸ ਲਈ ਵਚਨਬੱਧਤਾ, ਸਪਸ਼ਟ ਸੋਚ ਅਤੇ ਸੱਚ ਦੇ ਨਾਲ ਅਡਿੱਗ ਖੜ੍ਹੇ ਰਹਿਣ ਦੀ ਲੋੜ ਹੁੰਦੀ ਹੈ।

ਸਨ 2009 ਵਿੱਚ ਵੀਅਨਾ ਵਿੱਚ ਹੋਏ ਇੱਕ ਹਮਲੇ ਦੌਰਾਨ ਸੰਤ ਨਿਰੰਜਨ ਦਾਸ ਜੀ, ਸੰਤ ਰਾਮਾਨੰਦ ਜੀ ਅਤੇ ਸੰਗਤ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਦੁਖਦਾਈ ਘਟਨਾ ਵਿੱਚ ਸੰਤ ਰਾਮਾਨੰਦ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹ ਸਮਾਂ ਕੌਮ ਲਈ ਬਹੁਤ ਪੀੜਾਦਾਇਕ ਸੀ, ਪਰ ਉਨ੍ਹਾਂ ਦਾ ਸੰਦੇਸ਼ ਹੋਰ ਮਜ਼ਬੂਤ ਹੋ ਕੇ ਸਾਹਮਣੇ ਆਇਆ।

ਇੱਕ ਸ਼ਹੀਦ ਸਿਰਫ਼ ਯਾਦ ਨਹੀਂ ਛੱਡਦਾ—ਉਹ ਇੱਕ ਜ਼ਿੰਮੇਵਾਰੀ ਸੌਂਪਦਾ ਹੈ।

ਅੱਜ ਸਵਾਲ ਸਾਡੇ ਸਾਹਮਣੇ ਸਪਸ਼ਟ ਹੈ: ਕੀ ਅਸੀਂ ਉਸ ਮਾਰਗ 'ਤੇ ਚੱਲ ਰਹੇ ਹਾਂ ਜੋ ਉਨ੍ਹਾਂ ਸਾਨੂੰ ਦਿਖਾਇਆ?

ਸੰਤ ਰਾਮਾਨੰਦ ਜੀ ਦੇ ਰਾਹ 'ਤੇ ਚੱਲਣਾ ਅਰਥਾਤ ਗੁਰੂ ਰਵਿਦਾਸ ਜੀ ਦੇ ਮਾਰਗ 'ਤੇ ਚੱਲਣਾ ਹੈ—ਕੇਵਲ ਸ਼ਬਦਾਂ ਵਿੱਚ ਨਹੀਂ, ਸਗੋਂ ਅਮਲ ਵਿੱਚ।

ਇਸਦਾ ਅਰਥ ਹੈ ਅੰਮ੍ਰਿਤ ਬਾਣੀ ਨਾਲ ਡੂੰਘਾ ਸੰਬੰਧ ਜੋੜਨਾ—ਇਸਨੂੰ ਪੜ੍ਹਨਾ ਹੀ ਨਹੀਂ, ਸਗੋਂ ਸਮਝਣਾ ਅਤੇ ਜੀਵਨ ਵਿੱਚ ਲਾਗੂ ਕਰਨਾ।

ਇਸਦਾ ਅਰਥ ਹੈ ਮਾਨ-ਮਰਯਾਦਾ ਨਾਲ ਜੀਣਾ, ਅਸਮਾਨਤਾ ਦਾ ਖੰਡਨ ਕਰਨਾ ਅਤੇ ਆਪਣੀ ਪਹਿਚਾਣ ਨਾਲ ਅਡਿੱਗ ਰਹਿਣਾ—ਭਾਵੇਂ ਇਹ ਮੁਸ਼ਕਲ ਹੀ ਕਿਉਂ ਨਾ ਹੋਵੇ।

ਡੇਰਾ ਸੱਚਖੰਡ ਬੱਲਾਂ ਦੇ ਸੰਤਾਂ ਨੇ ਸੰਗਤ ਨੂੰ ਸਦਾ ਪ੍ਰੇਮ ਅਤੇ ਸਪਸ਼ਟਤਾ ਨਾਲ ਮਾਰਗਦਰਸ਼ਨ ਦਿੱਤਾ ਹੈ। ਇਹ ਮਾਰਗ ਆਸਾਨ ਨਹੀਂ, ਪਰ ਇਹ ਸੱਚ ਦਾ ਮਾਰਗ ਹੈ।

ਆਓ, ਇਸ ਸ਼ਹੀਦੀ ਨੂੰ ਕੇਵਲ ਯਾਦਗਾਰੀ ਦਿਵਸ ਨਾ ਬਣਾਈਏ।

ਇਸਨੂੰ ਇੱਕ ਵਚਨ ਬਣਾਈਏ।

ਕਿਉਂਕਿ ਸਭ ਤੋਂ ਵੱਡੀ ਸ਼ਰਧਾਂਜਲੀ ਕੇਵਲ ਯਾਦ ਨਹੀਂ—

ਸਗੋਂ ਉਸ ਸੱਚ ਨੂੰ ਹਰ ਰੋਜ਼ ਜੀਵਨ ਵਿੱਚ ਅਪਣਾਉਣਾ ਹੈ।



**ਰਾਜ ਬੰਗਾਰ**
**ਯੂਕੇ ਅਤੇ ਬੱਲਾਂ**

# “ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਾਂ ਦਿਵਸ ਨੂੰ ਸਮਰਪਿਤ (ਕਾਵਿ ਮਿਲਣੀ) ਸੰਵਾਦ ਤੇ ਕਵਿਤਾ ਦਾ ਸੁਚੱਜਾ ਸੁਮੇਲ ਹੋ ਨਿੱਬੜਿਆ”

**ਬਰੈਂਪਟਨ ( ਰਮਿੰਦਰ ਵਾਲੀਆ )** :- ਰਮਿੰਦਰ ਰੰਮੀ ਜੀ ਫ਼ਾਊਂਡਰ ਅਤੇ ਪ੍ਰਬੰਧਕ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ ਮਾਂ ਦਿਵਸ ਨੂੰ ਸਮਰਪਿਤ ਕਾਵਿ ਮਿਲਣੀ ਦਾ 10 ਮਈ ਨੂੰ ਆਯੋਜਨ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਰਮਿੰਦਰ ਰੰਮੀ ਜੀ ਨੇ ਸਾਰਿਆ ਨੂੰ ਜੀ ਆਇਆਂ ਕਹਿੰਦਿਆਂ ਕੀਤੀ । ਸ੍ਰੀ ਮਤੀ ਰਿੰਟੂ ਭਾਟੀਆ ਜੀ ਨੇ ਮਾਂ ਨੂੰ ਸੰਘਣੀ ਛਾਂ , ਦੁੱਖ ਸੁੱਖ ਦਾ ਸਿਰਨਾਵਾਂ ਦੱਸਦਿਆਂ ਕਿਹਾ ਕਿ ਸਾਡੀ ਜ਼ਿੰਦਗੀ ਵਿੱਚ ਮਾਂ ਦਾ ਅਹਿਮ ਯੋਗਦਾਨ ਹੈ । ਉਹਨਾਂ ਰਮਿੰਦਰ ਰੰਮੀ ਜੀ ਅਤੇ ਸਮੁੱਚੀ ਪ੍ਰਬੰਧਕੀ ਟੀਮ ਨਾਲ ਜਾਣ ਪਛਾਣ ਕਰਾਉਂਦਿਆਂ ਦੱਸਿਆ ਲਗਾਤਾਰ ਪੰਜ ਸਾਲਾਂ ਤੋਂ ਪ੍ਰੋਗਰਾਮ ਕਰ ਰਹੇ ਹਨ , ਹੁਣ ਤੱਕ 900 ਦੇ ਕਰੀਬ ਕਵੀ ਸ਼ਿਰਕਤ ਕਰ ਚੁੱਕੇ ਹਨ। ਉਹਨਾਂ ਨੇ ਰਮਿੰਦਰ ਰੰਮੀ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ । ਸੁਰਜੀਤ ਜੀ ਜੋ ਕਿ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਰਪ੍ਰਸਤ ਨੇ ਕਿਹਾ ਕਿ ਮਾਂ ਸ਼ਬਦ ਭਾਵੇਂ ਛੋਟਾ ਹੈ ਪਰ ਵਿਸ਼ਾਲ ਅਰਥ ਹਨ ਉਹਨਾਂ ਦੁਨੀਆਂ ਦੀਆਂ ਸਮੁੱਚੀਆਂ ਮਾਵਾਂ ਨੂੰ ਸ਼ੁਭ ਕਾਮਨਾਵਾ ਦਿੰਦਿਆ ਪ੍ਰੋਗਰਾਮ ਵਿੱਚ ਸ਼ਾਮਲ ਸਾਰੀਆ ਸ਼ਖਸੀਅਤਾਂ ਦਾ ਤੁਆਰਫ ਕਰਾਉਂਦਿਆਂ , ਸਭ ਦਾ ਨਿੱਘਾ ਸੁਆਗਤ ਕਰਦਿਆ ਪ੍ਰੋਗਰਾਮ ਦਾ ਸੰਚਾਲਨ ਸ਼ੁਰੂ ਕੀਤਾ। ਉਹਨਾਂ ਨੇ ਸਭ ਤੋ ਪਹਿਲਾਂ ਵਿਦਵਾਨ ਪੈਨਲ ਨੂੰ ਜਿਸ ਵਿੱਚ ਅਰਤਿੰਦਰ ਸੰਧੂ , ਡਾ. ਕੰਵਲਜੀਤ ਢਿੱਲੋਂ ਜੀ ਤੇ ਡਾ. ਸਾਇਮਾ ਇਰਮ ਸ਼ਾਮਿਲ ਹਨ ਨੂੰ ਮਾਂ ਦੀ ਇੱਕੀਵੀਂ ਸਦੀ ਵਿੱਚ ਰੂਪਾਂਤਰਿਤ ਭੂਮਿਕਾ, ਮਾਂ ਵਿਸ਼ੇ ਨਾਲ ਜੁੜੇ ਹੋਰ ਅਹਿਮ ਪਹਿਲੂਆਂ ਤੇ ਸੰਵਾਦ ਰਚਾਉਣ ਦਾ ਸੱਦਾ ਦਿੱਤਾ। ਸਭ ਤੋ ਪਹਿਲਾਂ ਉਹਨਾਂ ਅਰਤਿੰਦਰ ਸੰਧੂ ਜੋ ਅਧਿਆਪਨ ਵਿੱਚ ਸੇਵਾ ਨਿਭਾਅ ਚੁੱਕੇ ਹਨ , ਸੁਪ੍ਰਸਿੱਧ ਸ਼ਾਇਰਾ ਹੋਣ ਦੇ ਨਾਲ ਸਾਹਿਤਕ ਰਸਾਲੇ ਏਕਮ ਦੇ ਸੰਪਾਦਕ ਹਨ ਨੂੰ ਵਿਚਾਰ ਚਰਚਾ ਲਈ ਸੱਦਾ ਦਿੱਤਾ । ਅਰਤਿੰਦਰ ਸੰਧੂ ਜੀ ਨੇ ਤਿੰਨ ਪੀੜ੍ਹੀਆਂ ਦੇ ਹਵਾਲੇ ਨਾਲ ਮਾਂ ਦੀ ਭੂਮਿਕਾ ਨੂੰ ਬਿਆਨਦਿਆ ਕਿਹਾ ਕਿ ਉਹਨਾਂ ਨੇ ਘਰ ਦਾ ਕੰਮ ਕਾਜ ਸੰਭਾਲਦੀ ਆਪਣੀ ਮਾਂ ਵੀ ਦੇਖੀ ਤੇ ਨੌਕਰੀ ਕਰਦਿਆਂ ਮਾਂ ਦੇ ਫ਼ਰਜ਼ ਨਿਭਾਉਣ ਦੇ ਨਾਲ ਨਾਲ ਬੱਚਿਆਂ ਦੀ ਪੜਾਈ ਵਿੱਚ ਪੂਰਾ ਯੋਗਦਾਨ ਪਾਉਣ ਵਾਲੀ ਮਾਂ ਦਾ ਰੋਲ ਵੀ ਨਿਭਾਇਆ ਹੈ ਤੇ ਹੁਣ ਮਾਂ ਦੀ ਭੂਮਿਕਾ ਬਿਲਕੁਲ ਵੱਖਰੀ ਹੈ ਕਿਉਂਕਿ ਪਹਿਲਾ ਜੋ ਮਾਂ ਸਿਖਾਉਂਦੀ ਸੀ ਹੁਣ ਇੰਟਰਨੈਟ ਸਿਖਾ ਰਿਹਾ ਹੈ ਤੇ ਬੱਚਾ ਮਾਂ ਨੂੰ ਕਹਿ ਰਿਹਾ ਹੈ ਇਹ ਉਸਦੀ ਜ਼ਿੰਦਗੀ ਹੈ ਅਜਿਹੀ ਸਥਿਤੀ ਵਿੱਚ ਮਾਂ ਦੀ ਭੂਮਿਕਾ ਬਦਲ ਰਹੀ ਹੈ ਤੇ ਚੁਣੌਤੀਪੂਰਨ ਹੋ ਰਹੀ ਹੈ ਤੇ ਨੋਜਵਾਨ ਪੀੜ੍ਹੀ ਨਸ਼ਿਆਂ ਵੱਲ ਵਧ ਰਹੀ ਹੈ ਮਾਰਿਆ ਦੀ ਸਥਿਤੀ ਬੇਬਸੀ ਵਾਲੀ ਹੈ। । ਡਾ. ਸ਼ਾਇਮਾ ਇਰਮ ਜੋ ਕਿ ਪੰਜਾਬੀ ਦੇ ਪ੍ਰੋਫੈਸਰ ਤੇ ਲੇਖਿਕਾ ਹਨ ਨੇ ਮਾਂ ਦਿਵਸ ਦੀ ਸਾਰਥਕਤਾ ਦੱਸਦਿਆਂ ਕਿਹਾ ਕਿ ਸਾਰੀ ਦੁਨੀਆ ਤੋਹਫ਼ੇ ਲੈ ਕੇ ਖੁਸ਼ ਹੁੰਦੀ ਹੈ ਸਿਰਫ ਮਾਂ ਹੀ ਹੈ ਜੋ ਬੱਚੇ ਨੂੰ ਤੋਹਫ਼ੇ ਪਿੱਛੇ ਝਿੜਕਦੀ ਕਹਿੰਦੀ ਹੈ ਕਿ ਇਸਦੀ ਕੀ ਲੋੜ ਸੀ ਤੇ ਉਹਨਾਂ ਨਵੀਂ ਪੀੜ੍ਹੀ ਤੇ ਚਿੰਤਾ ਜ਼ਾਹਿਰ ਕੀਤੀ ਜੋ ਕਿਸੇ ਤੋ ਕੁਝ ਸੁਣਨਾ ਪਸੰਦ ਨਹੀਂ ਕਰਦੀ ਤੇ ਇਹ ਪੀੜ੍ਹੀ ਆਪਣੇ ਬੱਚਿਆਂ ਨੂੰ ਕੀ ਦੱਸੇਗੀ ? ਤਕਨਾਲੋਜੀ ਦੇ ਯੁੱਗ ਵਿੱਚ ਬੱਚਿਆਂ ਦਾ ਪਿੱਛਾ ਕਰਨਾ ਮਾਂ ਲਈ ਔਖਾ ਹੀ ਨਹੀਂ ਅਸੰਭਵ ਵੀ ਹੈ ਪਰ ਔਲਾਦ ਤੇ ਮਾਂ ਦਾ ਰਿਸ਼ਤਾ ਹਮੇਸ਼ਾ ਰਹੇਗਾ ਤੇ ਅੱਜ ਪੰਜਾਬੀ ਸੱਭਿਆਚਾਰ ਦਾ ਘੇਰਾ ਵੀ ਵਿਸ਼ਾਲ ਹੋ ਰਿਹਾ ਹੈ ।ਡਾ. ਕੰਵਲਜੀਤ ਢਿੱਲੋਂ ਜੋ ਕਿ ਇੱਕ ਬੁੱਧੀਜੀਵੀ ਸਖਸੀਅਤ ਹੋਣ ਦੇ ਨਾਲ ਨਾਲ ਔਰਤ ਦੇ ਹੱਕਾਂ ਲਈ ਇੱਕ ਸੰਘਰਸ਼ ਕਰਦੇ ਰਹੇ ਹਨ , ਬਹੁਤ ਸਾਰੀਆਂ ਜਥੇਬੰਦੀਆਂ ਦੀ ਨੁਮਾਇੰਦਗੀ ਕੀਤੀ ਹੈ ਤੇ ਅਧਿਆਪਨ ਨੂੰ ਸਮਰਪਿਤ ਰਹੇ ਹਨ ਨੇ ਕੈਨੇਡਾ ਵਿੱਚ ਔਰਤਾਂ ਦੀ ਜਥੇਬੰਦੀ “ ਦਿਸ਼ਾ “ ਦੇ ਸੰਸਥਾਪਕ ਹਨ ਨੇ ਮਾਂ ਦਿਵਸ ਸ਼ੁਰੂ ਹੋਣ ਦੇ ਪਿਛੋਕੜ ਤੇ ਝਾਤ ਪੁਆਉਂਦਿਆਂ ਦੱਸਿਆ 1905 ਵਿੱਚ ਪਹਿਲੀ ਵਾਰੀ ਇਹ ਦਿਵਸ ਮਨਾਇਆ ਗਿਆ । ਅੱਜ ਦੇ ਅਸ਼ਾਂਤੀ ਤੇ ਜੰਗ ਦੇ ਯੁੱਗ ਤੇ ਦਹਿਸ਼ਤ ਦੇ ਯੁੱਗ ਵਿੱਚ ਵਿਚਰ ਰਹੀਆਂ ਮਾਵਾਂ ਨੂੰ ਚਿੰਤਨ ਦਾ ਵਿਸ਼ਾ ਬਣਾਇਆ ਕਿ ਅੱਜ ਦੇ ਤਕਨਾਲੋਜੀ ਤੇ ਪਿੱਤਰੀ ਸੱਤਾ ਦੇ ਯੁੱਗ ਵਿੱਚ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਰੁਪਾਤਰਣ ਦੇ ਸੰਦਰਭ ਵਿੱਚ ਮਾਂ ਦੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਕਿਉਂਕਿ ਅਨਿਸਚਤਾ ਦੇ ਦੌਰ ਵਿਚ ਮਾਂਵਾ ਮਨੋਸੰਤਾਪ ਝੱਲ ਰਹੀਆਂ ਹਨ। ਸੁਰਜੀਤ ਜੀ ਨੇ ਵਿਚਾਰ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਭਾਵੇਂ ਹਰ ਦਿਨ ਮਾਂ ਦਾ ਹੈ ਪਰ ਮਾਵਾਂ ਅੱਜ ਵੀ ਰੁਲ ਰਹੀਆਂ ਹਨ ਬੱਚਿਆਂ ਦੇ ਰਹਿਮੋ ਕਰਮ ਤੇ ਹਨ ਤੇ ਜਾਂ ਦੇਸ਼ ਵਿੱਚ ਮਾਪੇ ਇਕਲਾਪਾ ਕੱਟ ਰਹੇ ਹਨ ਜਾਂ ਬਜ਼ੁਰਗ ਘਰਾਂ ਦੀ ਹੋਂਦ ਸਾਡੇ ਲਈ ਸੁਆਲੀਆ ਚਿੰਨ ਹੈ। ਮਾਂ ਦਿਵਸ ਆਪਣੇ ਫਰਜ਼ਾਂ ਪ੍ਰਤੀ ਸੁਚੇਤਤਾ ਦਾ ਅਹਿਸਾਸ ਕਰਾਉਂਦਾ ਹੈ।




ਪ੍ਰੋਗਰਾਮ ਦੇ ਦੂਜੇ ਭਾਗ ਵਿੱਚ ਕਵੀ ਦਰਬਾਰ ਦਾ ਆਗਾਜ਼ ਕਰਦਿਆਂ ਡਾ. ਪ੍ਰਭਜੋਤ ਕੌਰ ਜੋ ਕਿ ਪੰਜਾਬ ਯੂਨੀਵਰਸਿਟੀ ਵਿੱਚ ਗਣਿਤ ਦੇ ਪ੍ਰੋਫੈਸਰ ਹਨ ਨੂੰ ਸੱਦਾ ਦਿੱਤਾ ਗਿਆ ਤੇ ਉਹਨਾਂ ਨੇ ਆਪਣੀ ਕਵਿਤਾ “ ਮਾਂ ਤੇ ਰੁੱਖ” ਸੁਣਾਈ ਜੋ ਕਿ ਮਾਂ ਤੇ ਰੁੱਖਾਂ ਦੀ ਸਮਾਨਤਾ ਨੂੰ ਦਰਸਾਉਂਦੀ ਮਾਂ ਨੂ ਰੁੱਖਾਂ ਦੀ ਜੀਰਾਂਦ ਨਾਲ ਮੇਲਦੀ ਖ਼ੂਬਸੂਰਤ ਰਚਨਾ ਸੀ । ਪ੍ਰੋ ਡਾ. ਜਸਪਾਲ ਸਿੰਘ ( ਇਟਲੀ ) ਨੇ ਮਾਂ ਬਾਰੇ ਬੋਲਦਿਆਂ ਕਿਹਾ ਕਿ ਰੱਬ ਦੇ ਵੀ ਵੱਖ ਵੱਖ ਨਾਂ ਹਨ ਪਰ ਦੁਨੀਆਂ ਵਿੱਚ ਮਾਂ ਦਾ ਨਾਂ ਇੱਕੋ ਹੈ ਉਹਨਾਂ ਨੇ ਆਪਣੀ ਖ਼ੂਬਸੂਰਤ ਨਜ਼ਮ “ ਮਾਂ ਸਿਰਫ ਇੱਕ ਰਿਸ਼ਤਾ ਨਹੀਂ ਹੈ ਇਹ ਇੱਕ ਅਹਿਸਾਸ ਦਾ ਨਾਂ ਹੈ” ਸਾਂਝੀ ਕੀਤੀ । ਅਜ਼ੀਮ ਕਾਜ਼ੀ ਜੀ,ਜੋ ਕਿ ਉਰਦੂ ਤੇ ਪੰਜਾਬੀ ਵਿੱਚ ਲਿਖਦੇ ਹਨ ,ਉਹਨਾਂ ਨੇ ਆਪਣੀ ਗਜ਼ਲ ਸਰੋਤਿਆਂ ਨਾਲ ਸਾਂਝੀ ਕੀਤੀ । ਕੁਲਵਿੰਦਰ ਕੌਰ ਨੰਗਲ ਜੀ ਨੇ “ ਮੇਰੀ ਸੱਸ ਹੈ ਕੁਝ ਵਿਸ਼ੇਸ਼ ਜਿਹੀ” ਤੇ ਮਾਂ ਸਬੰਧੀ ਰਚਨਾ ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਅਮਰ ਕੌਰ ਬੇਦੀ ਨੇ ਅਜੋਕੇ ਪੀੜੀ ਦੇ ਮਾਂ ਪ੍ਰਤੀ ਰਵੱਈਏ ਤੇ ਮਾਂ ਬਣ ਕੇ ਫ਼ਰਜ਼ਾਂ ਤੋ ਭੱਜਣ ਦੀ ਸਥਿਤੀ ਨੂੰ ਪੇਸ਼ ਕਰਦੀ ਕਵਿਤਾ ਸੁਣਾਈ। ਮੁੱਖ ਮਹਿਮਾਨ ਡਾ. ਅਮਰਜੀਤ ਕੌਂਕੇ ਜੋ ਕਿ ਕਵਿਤਾ ਦੀਆਂ ਅੱਠ ਕਿਤਾਬਾਂ ਦੇਣ ਦੇ ਨਾਲ ਨਾਲ ਤੇ 20 ਤੋ ਵੱਧ ਪੁਸਤਕਾਂ ਦੇਣ ਦਾ ਅਨੁਵਾਦ ਕਰ ਚੁੱਕੇ ਹਨ ਨੇ ਮਾਂ ਦਿਵਸ ਸੰਬੰਧੀ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦੀ ਸੁਚੱਜੀ ਵਿਉਂਤ ਦੀ ਸਰਾਹਨਾ ਕਰਦਿਆਂ ਦਸਿਆ ਕਿ ਉਹਨਾਂ ਦੇ ਹਰ ਕਾਵਿ ਸੰਗ੍ਰਹਿ ਵਿੱਚ ਉਹਨਾਂ ਨੇ ਮਾਂ ਪ੍ਰਤੀ ਆਭਾਰ ਤੇ ਸੰਵੇਦਨਾ ਨੂੰ ਜ਼ਰੂਰ ਪ੍ਰਗਟਾਇਆ ਹੈ ਤੇ ਇਹ ਵਿਸ਼ਾ ਸਦੀਵੀ ਰਹਿਣ ਵਾਲਾ ਹੈ ਕਿਉਂਕਿ ਮਾਂ ਮਨੁੱਖੀ ਜ਼ਿੰਦਗੀ ਸਿਰਜਦੀ ਹੈ । ਉਹਨਾਂ ਆਪਣੀਆਂ ਦੋ ਖ਼ੂਬਸੂਰਤ ਨਜ਼ਮਾਂ ਜੋ ਮਾਂ ਨੂੰ ਸਮਰਪਿਤ ਸਨ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ । ਹਰਭਜਨ ਕੌਰ ਜੀ ਨੇ ਮਾਂ ਸਬੰਧੀ ਕਵਿਤਾ ਸਾਂਝੀ ਕੀਤੀ । ਗੁਰਚਰਨ ਜੋਗੀ ਜੀ ਨੇ ਵੀ ਮਾਂ ਸਬੰਧੀ ਸ਼ੇਅਰ ਹਾਜ਼ਰੀਨ ਨਾਲ ਸਾਂਝਾ ਕੀਤਾ।ਸੁਰਜੀਤ ਜੀਨੇ ਆਪਣੀ ਨਜ਼ਮ “ਧੀ ਤੋ ਮਾਂ ਬਣਨ ਦਾ ਸਫ਼ਰ “ ਸਾਂਝੀ ਕੀਤੀ ਜਿਸ ਵਿੱਚ ਹਰ ਧੀ ਜਦ ਮਾਂ ਬਣਦੀ ਹੈ ਤਾ ਮਾਂ ਦੇ ਫ਼ਰਜ਼ ਯਾਦ ਆਉਂਦੇ ਹਨ। ਇਸ ਯਾਦਗਾਰੀ ਤੇ ਖ਼ੂਬਸੂਰਤ ਪ੍ਰੋਗਰਾਮ ਦੇ ਅੰਤ ਤੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਆਪਣੇ ਵਿਲੱਖਣ ਤੇ ਵਿਸਤ੍ਰਿਤ ਅੰਦਾਜ਼ ਸਮੁੱਚੇ ਪ੍ਰੋਗਰਾਮ ਦਾ ਕੰਜੀਵਤ ਰੂਪ ਵਿੱਚ ਸਾਰਾਂਸ਼ ਪੇਸ਼ ਕੀਤਾ ਅਤੇ ਪਰੋਗਰਾਮ ਦੀ ਸੁਚੱਜੀ ਵਿਉਂਤ ਲਈ ਰਮਿੰਦਰ ਵਾਲੀਆ ਜੀ ਦੀ ਸਰਾਹਨਾ ਕੀਤੀ । ਸੋ ਇਹ ਪ੍ਰੋਗਰਾਮ ਸੰਵਾਦ ਤੇ ਕਵਿਤਾ ਦਾ ਸੁਚੱਜਾ ਸੁਮੇਲ ਹੋ ਨਿੱਬੜਿਆ । ਨਾਮਵਰ ਸ਼ਾਇਰਾ ਸੁਰਜੀਤ ਜੀ ਨੇ ਬਾਖ਼ੂਬੀ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ। ਦੇਸ਼ ਵਿਦੇਸ਼ ਤੋਂ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।



**ਰਮਿੰਦਰ ਰੰਮੀ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ , ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

# ਸਮਝਦਾਰਾਂ ਲਈ ਤਾਂ ਹਰ ਰੋਜ਼ ਹੁੰਦਾ ਹੈ ਮਾਂ ਪਿਓ ਦਿਨ

ਅਸੀਂ ਸਾਰੇ ਹੀ ਸੰਸਾਰ ਵਿੱਚ ਵਿਚਰਦੇ ਹਨ। ਸਾਨੂੰ ਸਾਰਿਆਂ ਨੂੰ ਇਹ ਪਤਾ ਹੈ ਕਿ ਮਾਂ ਬਾਪ ਦਾ ਜ਼ਿੰਦਗੀ ਵਿੱਚ ਕੀ ਰੋਲ ਹੁੰਦਾ ਹੈ ।ਕਿਸੇ ਨੇ ਸਹੀ ਹੀ ਕਿਹਾ ਹੈ" ਮਾਵਾਂ ਠੰਢੀਆਂ ਛਾਵਾਂ" ।ਜਦੋਂ ਕੋਈ ਬੱਚਾ ਆਪਣੀ ਮੰਜ਼ਿਲ ਨੂੰ ਸਰ ਕਰਦਾ ਹੈ ਤਾਂ ਉਸ ਦੇ ਪਿੱਛੇ ਮਾਂ ਬਾਪ ਦਾ ਅਹਿਮ ਰੋਲ ਹੁੰਦਾ ਹੈ । ਜਦੋਂ ਬੱਚਾ ਅਜੇ ਕੁਝ ਦਿਨਾਂ ਦਾ ਹੀ ਹੁੰਦਾ ਹੈ ਮਾਂ ਆਪ ਗਿੱਲੇ ਵਿੱਚ ਪੈਂਦੀ ਹੈ ਤੇ ਆਪਣੇ ਬੱਚੇ ਨੂੰ ਸੁੱਕੇ ਵਿੱਚ ਸੁਆਉਂਦੀ ਹੈ ,ਕਿ ਕਿਤੇ ਬੱਚਾ ਬਿਮਾਰ ਨਾ ਹੋ ਜਾਵੇ॥ ਜਦੋਂ ਬੱਚਾ ਥੋੜ੍ਹਾ ਜਾਂ ਵੱਡਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਮਾਂ ਸ਼ਬਦ ਦਾ ਉਚਾਰਨ ਕਰਦਾ ਹੈ। ਜਦ ਉਹ ਸਕੂਲ ਜਾਣ ਲੱਗ ਜਾਂਦਾ ਹੈ,ਘਰ ਵਾਪਸ ਆ ਕੇ ਤਾਂ ਸਭ ਤੋਂ ਪਹਿਲਾ ਮਾਂ ਨੂੰ ਯਾਦ ਕਰਦਾ ਹੈ ,ਕਿ ਮਾਂ ਤੂੰ ਕਿੱਥੇ ਹੈ ।ਪਿਤਾ ਦੇ ਅਰਮਾਨ ਹੁੰਦੇ ਹਨ ਕਿ ਉਸ ਦਾ ਬੱਚਾ ਦੁਨੀਆ ਚ ਉਸ ਤੋਂ ਵੀ ਜ਼ਿਆਦਾ ਲਾਇਕ ਬਣੇ। ਕਿੰਨੀ ਮਿਹਨਤਾਂ ਕਰਕੇ ਤੰਗੀਆਂ ਕੱਟ ਕੇ ਮਾ-ਬਾਪ ਆਪਣੇ ਦਿਲ ਦੇ ਟੁਕੜੇ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਦੇ ਹਨ ।ਮਾਂ ਬਾਪ ਦਾ ਇਹੀ ਸੁਪਨਾ ਹੁੰਦਾ ਹੈ ਕਿ ਕੱਲ੍ਹ ਨੂੰ ਸਾਡਾ ਬੱਚਾ ਸਾਡੇ ਤੋਂ ਵੀ ਚਾਰ ਗੁਣਾ ਅੱਗੇ ਵਧੇ ।ਬਾਪ ਥੋੜ੍ਹਾ ਸਖਤ ਸੁਭਾਅ ਦਾ ਹੁੰਦਾ ਹੈ ਮਾਂ ਨੂੰ ਇਹ ਹੁੰਦਾ ਹੈ ਕਿ ਮੈਂ ਆਪਣੇ ਬੱਚੇ ਦੇ ਸਾਰੇ ਲਾਡ ਚਾਅ ਪੂਰੇ ਕਰਾਂ ।ਜੇ ਬੱਚੇ ਨੂੰ ਕੋਈ ਦੁੱਖ ਤਕਲੀਫ ਹੁੰਦੀ ਹੈ ਤਾਂ ਉਹ ਆਪਣੀ ਮਾਂ ਨੂੰ ਹੀ ਦੱਸਦਾ ਹੈ ।ਰਾਤ ਨੂੰ ਚਾਹੇ ਜਿੰਨੇ ਮਰਜ਼ੀ ਵਜੇ ਬੱਚਾ ਘਰ ਆਵੇ, ਮਾਂ ਹਮੇਸ਼ਾ ਜਾਗਦੀ ਹੀ ਰਹਿੰਦੀ ਹੈ ।ਮਾਂ ਬੱਚੇ ਲਈ ਬਹੁਤ ਅਰਦਾਸਾਂ ਕਰਦੀ ਹੈ। ਜਦੋਂ ਬੱਚਾ ਕੋਈ ਮੁਸੀਬਤ ਵਿੱਚ ਹੁੰਦਾ ਹੈ, ਤਾਂ ਮਾਂ ਨੂੰ ਪਹਿਲੇ ਹੀ ਪਤਾ ਲੱਗ ਜਾਂਦਾ ਹੈ ।ਜੋ ਪਿਆਰ ਮਾਂ ਬਾਪ ਕਰ ਸਕਦੇ ਹਨ ਉਹ ਕੋਈ ਵੀ ਨਹੀਂ ਕਰ ਸਕਦਾ ।ਆਮ ਦੇਖਿਆ ਹੈ ਕਿ ਜਦੋਂ ਬੱਚਾ ਇਕੱਲਾ ਹੁੰਦਾ ਹੈ, ਉਸ ਦੇ ਹੱਥ ਵਿੱਚ ਰੋਟੀ ਦਾ ਟੁਕੜਾ ਹੁੰਦਾ ਹੈ ਤਾਂ ਕਾਂ ਵੀ ਖੋਹ ਕੇ ਲੈ ਜਾਂਦੇ ਹਨ ।ਪਰ ਅੱਜ ਉਹ ਸਮਾਂ ਨਹੀਂ ਰਿਹਾ ਹੈ ।ਅੱਜ ਕੱਲ੍ਹ ਦੇ ਬੱਚੇ ਮਾਂ ਬਾਪ ਦੀ ਕਦਰ ਬਿਲਕੁਲ ਵੀ ਨਹੀਂ ਕਰਦੇ ਹਨ ।ਤੰਗ ਆ ਕੇ ਮਾਂ ਬਾਪ ਬੱਚਿਆਂ ਨੂੰ ਜਾਇਦਾਦ ਵਿੱਚੋਂ ਬੇਦਖਲ ਕਰ ਰਹੇ ਹਨ ।ਹਰ ਸਾਲ ਮਦਰਜ਼ ਡੇ ਮਈ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਉਸ ਦਿਨ ਤਾਂ ਇੰਝ ਲੱਗਦਾ ਹੈ ਕਿ ਸਾਰੇ ਹੀ ਬਿਰਧ ਆਸ਼ਰਮ ਖਾਲੀ ਹੋ ਜਾਣੇ ਹਨ, ਜੋ ਫੇਸਬੁੱਕ ,ਵਟਸਐਪ ਤੇ ਮਾਂ ਨਾਲ ਇੰਨੀਆਂ ਸੋਹਣੀਆਂ ਸੋਹਣੀਆਂ ਕੇਕ ਕੱਟਦੇ ਹੋਇਆਂ ਦੀ ਤਸਵੀਰਾਂ ਪਾਈਆਂ ਜਾਂਦੀਆਂ ਹਨ ।ਜ਼ਰਾ ਵਿਚਾਰ ਕਰਨ ਵਾਲੀ ਗੱਲ ਹੈ ਕਿ ਸੋਸ਼ਲ ਨੈੱਟਵਰਕਿੰਗ ਸਾਈਟਸ ਤੇ ਮਾਂ ਬਾਪ ਦੀਆਂ ਤਸਵੀਰਾਂ ਖਿੱਚ ਕੇ ਪਾਉਣ ਨਾਲ ਜ਼ਿਆਦਾ ਪਿਆਰ ਅੱਪੜਦਾ ਹੈ ।ਸੋ ਜਿਉਂਦੇ ਜੀ ਮਾਂ - ਬਾਪ ਦੀ ਕਦਰ ਕਰੋ। ਉਨ੍ਹਾਂ ਕੋਲ ਸਮਾਂ ਗੁਜ਼ਾਰੋ। ਮਾਂ ਬਾਪ ਦੀ ਪੈਨਸ਼ਨ ਨਾਲ ਪਿਆਰ ਨਾ ਕਰੋ। ਮਾਂ ਬਾਪ ਦੀ ਗੱਲ ਨੂੰ ਮੰਨੋ ।ਘਰ ਵਿੱਚ ਉਨ੍ਹਾਂ ਨੂੰ ਨਾਲ ਬਿਠਾ ਕੇ ਡਾਈਨਿੰਗ ਟੇਬਲ ਤੇ ਖਾਣਾ ਖਾਓ ।ਜੇ ਆਪ ਘੁੰਮਣ ਦਾ ਸ਼ੌਕ ਰੱਖਦੇ ਹੋ ਤਾਂ ਮਾਂ - ਬਾਪ ਨੂੰ ਵੀ ਆਪਣੇ ਨਾਲ ਲੈ ਕੇ ਜਾਓ।ਉਨ੍ਹਾਂ ਦਾ ਵੀ ਮਨ ਕਰਦਾ ਹੈ ਕਿ ਉਨ੍ਹਾਂ ਦੀ ਔਲਾਦ ਉਨ੍ਹਾਂ ਨਾਲ ਸਮਾਂ ਗੁਜ਼ਾਰੇ ।ਮਾਂ ਬਾਪ ਘਰ ਦੇ ਜਿੰਦਰੇ ਹੁੰਦੇ ਹਨ ।ਸੋ ਕਸਮ ਖਾਈਏ ਕਿ ਸਾਡੇ ਕਰਕੇ ਕਦੇ ਵੀ ਮਾਂ ਬਾਪ ਦੀ ਅੱਖ ਵਿੱਚ ਹੰਝੂ ਨਾ ਆਵੇ।



**ਸੰਜੀਵ ਸਿੰਘ ਸੈਣੀ ,ਮੁਹਾਲੀ**
**7888966168**









# ਟੁਕੜੇ ਕਰਨ ਵਾਲੀ ਕੂਟਨੀਤੀ ਉਹ ਕੈਨੇਡਾ ਹੋਵੇਂ ਜਾਂ ਭਾਰਤ - ਅਲਾਪ ਇੱਕ ਹੀ ਹੈ

ਕੈਨੇਡਾ ਵਿੱਚ ਵੱਖਰੇ ਹੋਣ ਦੀ ਚਰਚਾ ਫਿਰ ਤੇਜ਼ ਹੋ ਗਈ ਹੈ। ਖੱਬੇ ਹੋਣ ਜਾਂ ਸੱਜੇ, ਅੰਦਰਲੇ ਹੋਣ ਜਾਂ ਬਾਹਰਲੇ, ਕਈ ਧੜੇ ਇੱਕੋ ਹੀ ਗੱਲ ਕਰ ਰਹੇ ਹਨ, ਵੱਖਰੇ ਹੋਣਾ। ਇਸ ਸ਼ੋਰ ਵਿਚ ਕੁਝ ਕੈਨੇਡਾ-ਅਧਾਰਤ ਖਾਲਿਸਤਾਨੀ ਗਰੁੱਪ ਵੀ ਹਨ, ਜੋ ਭਾਰਤ ਦੇ ਪੰਜਾਬ ਵਿੱਚ ਇਕ ਖੁਦਮੁਖਤਿਆਰ ਸਿੱਖ ਰਾਜ ਦੀ ਮੰਗ ਨੂੰ ਜਿਊਂਦਾ ਰੱਖੇ ਹੋਏ ਹਨ। ਦੂਜੇ ਪਾਸੇ, ਕਿਊਬੈਕ ਅਤੇ ਅਲਬਰਟਾ ਵਿੱਚ ਵੀ ਕੇਂਦਰ ਤੋਂ ਵਧੀਕ ਖੁਦਮੁਖਤਿਆਰੀ, ਖ਼ਾਸ ਦਰਜਾ ਜਾਂ ਪੂਰੀ ਵੱਖਰੀ ਪਹਿਚਾਣ ਦੀ ਮੰਗ ਲੰਮੇਂ ਸਮੇਂ ਤੋਂ ਚੱਲਦੀ ਆ ਰਹੀ ਹੈ।

ਕਿਊਬੈਕ ਦੀ ਸਰਬਸੱਤਾ ਲਹਿਰ ਇੱਕ ਸਦੀ ਤੋਂ ਵੱਧ ਪੁਰਾਣੀ ਹੈ। 1960 ਦੇ ਦਹਾਕੇ ਵਿੱਚ ਇਸ ਨੇ ਨਵੀਂ ਰਫ਼ਤਾਰ ਫੜੀ, ਜਦੋਂ ਆਧੁਨਿਕ ਰਾਜਨੀਤਿਕ ਸਰਬਸੱਤਾ ਦੀ ਸੋਚ ਨੇ ਜ਼ੋਰ ਪਾਇਆ। Parit Québécios (PQ) ਹੁਣ 2030 ਤੱਕ ਤੀਜੇ ਰੈਫਰੈਂਡਮ ਦੀ ਸੰਭਾਵਨਾ ਵੱਲ ਦੇਖ ਰਿਹਾ ਹੈ, ਅਤੇ ਇਸ ਦਾ ਧੱਕ ਨਵੀਂ ਪੀੜ੍ਹੀ ਦੇ ਸੋਵਏਰਇਗਨਟਿ-ਸਟਸ ਵੱਲੋਂ ਆ ਰਿਹਾ ਹੈ। ਇਹ ਰੁਝਾਨ ਕੈਨੇਡਾ ਦੇ ਅੰਦਰਲੇ ਤਣਾਅ ਨੂੰ ਇੱਕ ਵਾਰ ਫਿਰ ਸਤਹ 'ਤੇ ਲਿਆਉਂਦਾ ਹੈ। ਖਾਲਿਸਤਾਨ ਲਹਿਰ ਦਾ ਮਕਸਦ ਭਾਰਤ ਦੇ ਪੰਜਾਬ ਵਿੱਚ "ਖਾਲਿਸਤਾਨ", ਅਰਥਾਤ "ਖ਼ਾਲਸੇ ਦੀ ਧਰਤੀ", ਨਾਂ ਦਾ ਇਕ ਸਿੱਖ ਰਾਜ ਬਣਾਉਣਾ ਹੈ। ਭਾਰਤ ਵਿੱਚ ਹਿੰਸਕ ਗਤੀਵਿਧੀਆਂ ਵੱਡੇ ਪੱਧਰ 'ਤੇ ਘਟ ਗਈਆਂ ਹਨ, ਪਰ ਇਹ ਲਹਿਰ ਪਰਦੇਸੀ ਸਮਰਥਨ ਰਾਹੀਂ ਅਜੇ ਵੀ ਚੱਲ ਰਹੀ ਹੈ। ਸਿੱਖਸ ਫਾਰ ਜਸਟਿਸ ਵਰਗੇ ਗਰੁੱਪ ਅਤੇ ਬੱਬਰ ਖਾਲਸਾ, ਪੰਨੂੰ ਵਰਗੀਆਂ ਲੜਾਕੂ ਧਾਰਾਵਾਂ ਇਸ ਵਿਚ ਸ਼ਾਮਲ ਰਹੀਆਂ ਹਨ। ਇਸੇ ਪਿਛੋਕੜ ਵਿਚ, ਕੈਨੇਡੀਅਨ ਸੁਰੱਖਿਆ ਖੁਫ਼ੀਆ ਸੇਵਾ (CMIM) ਨੇ ਮਈ 2026 ਤੱਕ ਕੈਨੇਡਾ-ਅਧਾਰਤ ਖਾਲਿਸਤਾਨੀ ਅਤਿਵਾਦ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਿਆ ਹੈ। ਸੀ ਐਸ ਆਈ ਸੀ ਦਾ ਕਹਿਣਾ ਹੈ ਕਿ ਕੁਝ ਛੋਟੇ ਗਰੁੱਪ ਕੈਨੇਡਾ ਨੂੰ ਹਿੰਸਕ ਸਰਗਰਮੀਆਂ ਅਤੇ ਫੰਡਿੰਗ ਲਈ ਅੱਡੇ ਵਜੋਂ ਵਰਤ ਰਹੇ ਹਨ, ਹਾਲਾਂਕਿ ਉਹ ਕੈਨੇਡਾ ਦੇ ਅੰਦਰ ਸਿੱਧੇ ਹਮਲੇ ਦੀ ਯੋਜਨਾ ਨਹੀਂ ਬਣਾ ਰਹੇ। ਇਸ ਕਾਰਨ ਕੈਨੇਡਾ ਅਤੇ ਭਾਰਤ ਵਿਚਕਾਰ ਤਣਾਅ ਵਧਿਆ ਹੈ।

ਦੂਸਰੇ ਪਾਸੇ ਡੈਨਿਯਲ ਸਮਿਥ ਅਲਬਰਟਾ ਸੂਬੇ ਦੀ ਪ੍ਰੀਮੀਅਰ ਕੈਨੇਡੀਅਨ ਰਾਜਨੀਤੀ ਦੀਆਂ ਸਭ ਤੋਂ ਤੇਜ਼ ਦਰਾਰਾਂ ਵਿੱਚੋਂ ਇੱਕ ਬਣ ਗਈ ਹੈ। ਕੁਝ ਲੋਕ ਅਲਬਰਟਾ ਦੀ ਇਸ ਪ੍ਰੀਮੀਅਰ ਨੂੰ ਸੂਬਾਈ ਹੱਕਾਂ ਦੀ ਖੁੱਲ੍ਹੀ ਵਕ਼ਾਲਤ ਕਰਨ ਵਾਲੀ ਆਗੂ ਸਮਝਦੇ ਹਨ। ਹੋਰਾਂ ਲਈ ਉਹ ਇਕ ਐਸੀ ਨੇਤਾ ਹੈ ਜਿਸ ਦੀ ਭਾਸ਼ਾ ਅਲਬਰਟਾ ਅਤੇ ਬਾਕੀ ਕੈਨੇਡਾ ਵਿਚਕਾਰ ਦੂਰੀ ਵਧਾਉਂਦੀ ਹੈ ਉਸ ਦੇ ਟੁਕੜੇ ਕਰਨ ਦੇ ਬਰਾਬਰ ਸਮਝ ਰਹੇ ਹਨ।

ਇਹ ਵੰਡ ਸੰਘੀ ਅਤੇ ਸੂਬਾਈ ਤਣਾਅ ਤੋਂ ਨਿਕਲਦੀ ਹੈ। ਉਸ ਦੀ ਵਧੇਰੇ ਸੂਬਾਈ ਸ਼ਕਤੀ ਲਈ ਮੁਹਿੰਮ, ਅਤੇ ਓਟਵਾ ਬਾਰੇ ਉਸ ਦਾ ਲਹਿਜ਼ਾ, ਇਸ ਵਿਵਾਦ ਨੂੰ ਹੋਰ ਭਾਰ ਦੇਂਦੇ ਹਨ। ਉਸ ਦੇ ਸਮਰਥਕ ਇਸਨੂੰ ਰੱਖਿਆ ਕਹਿੰਦੇ ਹਨ। ਵਿਰੋਧੀਆਂ ਲਈ ਇਹ ਰਾਸ਼ਟਰੀ ਏਕਤਾ ਲਈ ਖ਼ਤਰਾ ਹੈ। ਇਸ ਬਾਰੇ ਰਾਏ ਅਕਸਰ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕੋਈ ਵਿਅਕਤੀ ਸੰਘੀ ਸਰਕਾਰ 'ਤੇ ਕਿੰਨਾ ਭਰੋਸਾ ਕਰਦਾ ਹੈ।

ਆਲੋਚਨਾ ਦਾ ਕੇਂਦਰ ਯੂਨਾਈਟਿਡ ਕੈਨੇਡਾ ਐਕਟ ਦੇ ਅੰਦਰ ਅਲਬਰਟਾ ਪ੍ਰਭੂਸੱਤਾ ਹੈ, ਜੋ 2022 ਦੇ ਅਖੀਰ ਵਿੱਚ ਪਾਸ ਹੋਇਆ ਸੀ। ਵਿਰੋਧੀਆਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਅਲਬਰਟਾ ਨੂੰ ਉਹ ਸੰਘੀ ਕਾਨੂੰਨ ਰੋਕਣ ਦਾ ਹਥਿਆਰ ਦਿੰਦਾ ਹੈ ਜੋ ਉਸ ਨੂੰ ਪਸੰਦ ਨਹੀਂ। ਇਸ ਨਾਲ ਰਾਸ਼ਟਰੀ ਨਿਯਮ, ਜਦੋਂ ਉਹ ਸੂਬਾਈ ਸਥਿਤਿਆਂ ਨਾਲ ਟਕਰਾਉਂਦੇ ਹਨ, ਚੋਣਵੀਂ ਚੀਜ਼ ਜਿਹੇ ਲੱਗਣ ਲਗਦੇ ਹਨ।

ਆਲੋਚਕਾਂ ਲਈ ਇਹ ਕਾਨੂੰਨ ਸਿਰਫ਼ ਨੀਤੀ ਦਾ ਸਾਧਨ ਨਹੀਂ ਹੈ। ਉਹ ਇਸਨੂੰ ਇਸ ਗੱਲ ਦਾ ਸੰਕੇਤ ਮੰਨਦੇ ਹਨ ਕਿ ਅਲਬਰਟਾ ਕਨਫੈਡਰੇਸ਼ਨ ਦੀਆਂ ਹੱਦਾਂ ਨੂੰ ਪਰਖਣ ਲਈ ਤਿਆਰ ਹੈ। ਕਾਨੂੰਨ ਸੂਬੇ ਨੂੰ ਉਹਨਾਂ ਸੰਘੀ ਨਿਯਮਾਂ ਦਾ ਵਿਰੋਧ ਕਰਨ ਦੀ ਗੁੰਜਾਇਸ਼ ਦਿੰਦਾ ਹੈ ਜਿਨ੍ਹਾਂ ਨੂੰ ਉਹ ਦਖ਼ਲਅੰਦਾਜ਼ੀ ਸਮਝਦਾ ਹੈ। ਸਮਰਥਕ ਇਸਨੂੰ ਸੁਰੱਖਿਆ ਕਹਿੰਦੇ ਹਨ। ਵਿਰੋਧੀਆਂ ਲਈ ਇਹ ਚੇਤਾਵਨੀ ਹੈ, ਕਿਉਂਕਿ ਇਸ ਨਾਲ ਇਹ ਧਾਰਨਾ ਬਣਦੀ ਹੈ ਕਿ ਇੱਕ ਸੂਬਾ ਸੰਘੀ ਫ਼ੈਸਲਿਆਂ ਵਿਚੋਂ ਆਪਣੀ ਮਰਜ਼ੀ ਨਾਲ ਚੁਣ ਸਕਦਾ ਹੈ।

ਸਮਿਥ ਦਾ ਲਹਿਜ਼ਾ ਵੀ ਵੱਡੀ ਭੂਮਿਕਾ ਨਿਭਾਉਂਦਾ ਹੈ। ਆਲੋਚਕ ਉਸ ਦੀ ਭਾਸ਼ਾ ਨੂੰ ਟਕਰਾਅ ਵਾਲੀ ਮੰਨਦੇ ਹਨ, ਜੋ ਅਲਬਰਟਾ ਨੂੰ ਓਟਵਾ ਦੇ ਮੁਕਾਬਲੇ ਖੜ੍ਹਾ ਕਰਦੀ ਹੈ। ਐਸਾ ਅੰਦਾਜ਼ ਸਮਰਥਕਾਂ ਨੂੰ ਇਕੱਠਾ ਕਰ ਸਕਦਾ ਹੈ, ਪਰ ਇਸ ਨਾਲ ਸਹਿਮਤੀ ਬਣਾਉਣ ਦੀ ਥਾਂ ਹੋਰ ਘੱਟ ਹੋ ਜਾਂਦੀ ਹੈ।

ਉਹ ਖੁੱਲ੍ਹੇ ਤੌਰ 'ਤੇ ਵੱਖਰੇ ਹੋਣ ਦੀ ਮੁਹਿੰਮ ਨਹੀਂ ਚਲਾਉਂਦੀ। ਫਿਰ ਵੀ ਆਲੋਚਕ ਕਹਿੰਦੇ ਹਨ ਕਿ ਖੁਦਮੁਖਤਿਆਰੀ ਬਾਰੇ ਲਗਾਤਾਰ ਗੱਲਬਾਤ ਵੱਖਵਾਦੀ ਵਿਚਾਰਾਂ ਨੂੰ ਆਮ ਬਣਾ ਸਕਦੀ ਹੈ। ਇੱਕ ਐਸੇ ਸੰਘ ਵਿੱਚ ਜੋ ਭਰੋਸੇ 'ਤੇ ਟਿਕਿਆ ਹੋਵੇ, ਇਹ ਭਾਸ਼ਾ ਕਈ ਕੈਨੇਡੀਅਨਾਂ ਨੂੰ ਬੇਚੈਨ ਕਰਦੀ ਹੈ।

ਅਲਬਰਟਾ ਦੇ ਬਹੁਤ ਸਾਰੇ ਲੋਕਾਂ ਲਈ ਸਮਿਥ ਦੀ ਅਪੀਲ ਸੌਖੀ ਸਮਝ ਆਉਂਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਓਟਵਾ ਨੇ ਸਾਲਾਂ ਤੋਂ ਉਹਨਾਂ ਦੀਆਂ ਚਿੰਤਾਵਾਂ ਨੂੰ ਅਣਦੇਖਾ ਕੀਤਾ ਹੈ, ਖ਼ਾਸ ਕਰਕੇ ਊਰਜਾ, ਨੌਕਰੀਆਂ ਅਤੇ ਸਥਾਨਕ ਕੰਟਰੋਲ ਦੇ ਮਾਮਲੇ ਵਿਚ। ਉਸ ਦਾ ਸੁਨੇਹਾ ਉਹਨਾਂ ਵੋਟਰਾਂ ਨੂੰ ਅਵਾਜ਼ ਦਿੰਦਾ ਹੈ ਜਿਨ੍ਹਾਂ ਨੂੰ ਲੱਗਦਾ ਹੈ ਕਿ ਉਹਨਾਂ ਦੀ ਗੱਲ ਨਹੀਂ ਸੁਣੀ ਗਈ।

ਇਹੀ ਨਾਰਾਜ਼ਗੀ ਸਮਝਾਉਂਦੀ ਹੈ ਕਿ ਉਸ ਦਾ ਸੁਨੇਹਾ ਕਿਉਂ ਅਸਰ ਕਰਦਾ ਹੈ। ਸਮਰਥਕ ਉਸ ਨੂੰ ਕੇਂਦਰੀ ਕੈਨੇਡਾ ਤੋਂ ਅਲੱਗ ਮਹਿਸੂਸ ਕਰਨ ਵਾਲੇ ਲੋਕਾਂ ਦੀ ਗੱਲ ਸੁਣਨ ਵਾਲੀ ਨੇਤਾ ਮੰਨਦੇ ਹਨ। ਉਹ ਉਸ ਨੂੰ ਵੰਡਣ ਵਾਲੀ ਨਹੀਂ, ਸਿੱਧੀ ਬੋਲਣ ਵਾਲੀ ਸਮਝਦੇ ਹਨ।

ਤੇਲ ਅਤੇ ਗੈਸ 'ਤੇ ਉਸ ਦੀ ਕੇਂਦਰੀ ਤਵੱਜੋ ਇਸ ਸਮਰਥਨ ਦਾ ਮੁੱਖ ਹਿੱਸਾ ਹੈ। ਅਲਬਰਟਾ ਦਾ ਊਰਜਾ ਖੇਤਰ ਅਜੇ ਵੀ ਨੌਕਰੀਆਂ, ਨਿਵੇਸ਼ ਅਤੇ ਸਰਕਾਰੀ ਆਮਦਨ ਲਈ ਮਹੱਤਵ ਰੱਖਦਾ ਹੈ। ਇਸ ਕਰਕੇ ਉਸ ਦੇ ਹਮਾਇਤੀ ਸੋਚਦੇ ਹਨ ਕਿ ਸੂਬੇ ਨੂੰ ਐਸੇ ਪ੍ਰੀਮੀਅਰ ਦੀ ਲੋੜ ਹੈ ਜੋ ਸੰਘੀ ਨੀਤੀਆਂ ਨੂੰ ਉਸ ਵੇਲੇ ਰੋਕ ਸਕੇ ਜਦੋਂ ਉਹ ਬਹੁਤ ਕਠੋਰ ਲੱਗਣ।

ਸਮਿਥ ਨੇ ਵਾਰ ਵਾਰ ਕਿਹਾ ਹੈ ਕਿ ਉਹ ਕੈਨੇਡਾ ਦੇ ਅੰਦਰ ਮਜ਼ਬੂਤ ਅਲਬਰਟਾ ਚਾਹੁੰਦੀ ਹੈ, ਉਸ ਤੋਂ ਬਾਹਰ ਨਹੀਂ। ਸਮਰਥਕ ਇਸਨੂੰ ਆਮ ਸੰਘੀ ਰਾਜਨੀਤੀ ਮੰਨਦੇ ਹਨ, ਜਿੱਥੇ ਸੂਬੇ ਓਟਵਾ ਨਾਲ ਉਸ ਵੇਲੇ ਟਕਰਾਉਂਦੇ ਹਨ ਜਦੋਂ ਉਹ ਸਮਝਦੇ ਹਨ ਕਿ ਹੱਦ ਪਾਰ ਹੋ ਗਈ ਹੈ ਪਾਣੀ ਸਿਰਾਂ ਤੋਂ ਉਪਰ ਜਾ ਚੁੱਕਾ ਹੈ । ਉਸ ਨਜ਼ਰੀਏ ਤੋਂ ਅਸਹਿਮਤੀ ਕਨਫੈਡਰੇਸ਼ਨ ਦਾ ਹਿੱਸਾ ਹੈ।

ਇੱਕੋ ਹੀ ਕਦਮ ਕਿਸੇ ਲਈ ਹਿੰਮਤ ਹੋ ਸਕਦਾ ਹੈ, ਅਤੇ ਕਿਸੇ ਹੋਰ ਲਈ ਖ਼ਤਰਾ। ਫ਼ਰਕ ਅਕਸਰ ਰਾਜਨੀਤਿਕ ਸੋਚ, ਓਟਵਾ 'ਤੇ ਭਰੋਸੇ, ਅਤੇ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇੱਕ ਸੰਘ ਕਿੰਨਾ ਤਣਾਅ ਸਹਿ ਸਕਦਾ ਹੈ। ਸਮਿਥ ਦੀ ਪਹੁੰਚ ਨੇ ਇਕ ਨੀਤੀਕ ਬਹਿਸ ਨੂੰ ਵੱਡੇ ਇਮਤਿਹਾਨ ਵਿੱਚ ਬਦਲ ਦਿੱਤਾ ਹੈ। ਹੁਣ ਸਵਾਲ ਇਹ ਹੈ ਕਿ ਇੱਕ ਪ੍ਰੀਮੀਅਰ ਅਲਬਰਟਾ ਦੇ ਹਿੱਤਾਂ ਲਈ ਕਿੰਨਾ ਦਬਾਅ ਬਣਾ ਸਕਦੀ ਹੈ, ਇਸ ਤੋਂ ਪਹਿਲਾਂ ਕਿ ਕੈਨੇਡਾ ਦੇ ਤਾਣੇਬਾਣੇ 'ਤੇ ਅਸਰ ਪਏ।

ਡੈਨਿਯਲ ਸਮਿਥ ਬਾਰੇ ਬਹਿਸ ਅਸਲ ਵਿੱਚ ਇਕ ਵੱਡੇ ਸਵਾਲ ਦੇ ਆਲੇ ਦੁਆਲੇ ਘੁੰਮਦੀ ਹੈ, ਅਲਬਰਟਾ ਦੇ ਹਿੱਤਾਂ ਲਈ ਇੱਕ ਪ੍ਰੀਮੀਅਰ ਕਿੰਨਾ ਦੂਰ ਜਾ ਸਕਦੀ ਹੈ, ਇਸ ਤੋਂ ਪਹਿਲਾਂ ਕਿ ਕੈਨੇਡਾ 'ਤੇ ਤਣਾਅ ਆਵੇ। ਕੁਝ ਲੋਕ ਉਸ ਨੂੰ ਸੰਘ ਦੇ ਅੰਦਰ ਅਲਬਰਟਾ ਦੀ ਥਾਂ ਬਚਾਉਣ ਵਾਲੀ ਆਵਾਜ਼ ਵਜੋਂ ਵੇਖਣਗੇ। ਦੂਜਿਆਂ ਲਈ ਉਹ ਐਸੀ ਨੇਤਾ ਹੈ ਜੋ ਦੇਸ਼ ਨੂੰ ਹੋਰ ਵੰਡਿਆ ਹੋਇਆ ਮਹਿਸੂਸ ਕਰਵਾਉਂਦੀ ਹੈ।

ਪਰ ਕੈਨੇਡਾ ਦੇ ਹਰ ਕੋਨੇ ਕੋਨੇ ਵਿਚੋਂ ਇਕ ਹੀ ਅਵਾਜ਼ ਆ ਰਹੀ ਹੈ, ਪਾੜੋ ਤੇ ਰਾਜ ਕਰੋ, ਕਿਊਬਿਕ ਹੋਵੇਂ ਜਾ ਅਲਬਰਟਾ ਜਾਂ ਖਾਲਿਸਤਾਨ, ਜੋ ਭਾਵੇਂ ਕੈਨੇਡਾ ਦੀ ਧਰਤੀ ਤੇ ਨਹੀਂ ਬਨਣਾ ਪਰ ਇਸ ਦੀ ਗੂੰਜ ਕੈਨੇਡਾ ਦੀ ਧਰਤੀ ਤੇ ਵੱਖ ਹੋਣ ਵਾਲੀ ਨੀਤੀ, ਦੇਸ਼ ਦੇ ਟੁਕੜੇ ਕਰਨ ਵਾਲੀ ਕੂਟਨੀਤੀ ਉਹ ਕੈਨੇਡਾ ਹੋਵੇਂ ਜਾਂ ਭਾਰਤ ਦਾ ਅਲਾਪ ਇੱਕ ਹੀ ਹੈ।



ਸੁਰਜੀਤ ਸਿੰਘ ਫਲੋਰਾ

**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

# ਕੰਮ ਕਰਨਾ ਔਖਾ, ਨੁਕਸ ਕੱਢਣਾ ਸੌਖਾ

ਸਮਾਜ ਵਿੱਚ ਅਲੱਗ-ਅਲੱਗ ਸੁਭਾਅ ਦੇ ਲੋਕ ਵਸਦੇ ਹਨ। ਕੁੱਝ ਲੋਕ ਅਜਿਹੇ ਹੁੰਦੇ ਹਨ ਜੋ ਨਵੇਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਹਿੰਮਤ ਨਾਲ ਅੱਗੇ ਵੱਧਦੇ ਹਨ, ਖਤਰਾ ਮੋਲ ਲੈਂਦੇ ਹਨ ਅਤੇ ਆਪਣੀ ਮਿਹਨਤ ਨਾਲ ਕੁੱਝ ਨਵਾਂ ਸਿਰਜਣ ਦੀ ਕੋਸ਼ਿਸ਼ ਕਰਦੇ ਹਨ। ਦੂਜੇ ਪਾਸੇ ਕੁੱਝ ਅਜਿਹੇ ਵੀ ਹੁੰਦੇ ਹਨ ਜੋ ਖੁਦ ਤਾਂ ਕੋਈ ਪਹਿਲ ਨਹੀਂ ਕਰਦੇ, ਪਰ ਕਿਸੇ ਹੋਰ ਦੇ ਕੀਤੇ ਹੋਏ ਕੰਮ ਵਿੱਚੋਂ ਗਲਤੀਆਂ ਕੱਢਣ ਲਈ ਤਿਆਰ ਬੈਠੇ ਹੁੰਦੇ ਹਨ।

ਨਵੇਂ ਕੰਮ ਦੀ ਸ਼ੁਰੂਆਤ ਕਰਨਾ ਅਤੇ ਉਸਨੂੰ ਉਚਾਈਆਂ ਵੱਲ਼ ਲਿਜਾਣਾ ਔਖਾ ਹੁੰਦਾ ਹੈ। ਇਸ ਵਿੱਚ ਸਮਾਂ, ਮਿਹਨਤ, ਸੋਚ ਅਤੇ ਹੌਸਲੇ ਦੀ ਲੋੜ ਹੁੰਦੀ ਹੈ। ਜਦੋਂ ਕੋਈ ਵਿਅਕਤੀ ਨਵੀਂ ਸੋਚ ਨਾਲ ਕੁਝ ਕਰਦਾ ਹੈ ਤਾਂ ਗਲਤੀਆਂ ਹੋਣਾ ਸਵਭਾਵਿਕ ਹੈ। ਗਲਤੀਆਂ ਹੀ ਇਨਸਾਨ ਨੂੰ ਸਿੱਖਣ ਅਤੇ ਅੱਗੇ ਵਧਣ ਦਾ ਮੌਕਾ ਦਿੰਦੀਆਂ ਹਨ। ਪਰ ਅਫਸੋਸ ਦੀ ਗੱਲ ਹੈ ਕਿ ਕੁੱਝ ਲੋਕ ਸਿਰਫ਼ ਆਲੋਚਨਾ ਕਰਨ ਵਿੱਚ ਹੀ ਆਪਣੀ ਮਹਾਨਤਾ ਸਮਝਦੇ ਹਨ। ਉਹ ਹਰ ਕੰਮ ਵਿੱਚ ਕਮੀ ਲੱਭਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਹਿੰਦੇ ਹਨ ਕਿ “ਇਹ ਇਦਾਂ ਨਹੀਂ ਹੋਣਾ ਚਾਹੀਦਾ ਸੀ” ਜਾਂ “ਇਸ ਵਿੱਚ ਇਹ ਘਾਟ ਰਹਿ ਗਈ ਹੈ।”

ਸਹੀ ਅਤੇ ਸਕਾਰਾਤਮਕ ਆਲੋਚਨਾ ਹਮੇਸ਼ਾ ਸਵਾਗਤਯੋਗ ਹੁੰਦੀ ਹੈ, ਜੇਕਰ ਉਹ ਸੁਧਾਰ ਲਈ ਕੀਤੀ ਜਾਵੇ। ਪਰ ਨਕਾਰਾਤਮਕ ਸੋਚ ਨਾਲ ਕੀਤੀ ਗਈ ਆਲੋਚਨਾ ਮਨੋਬਲ ਤੋੜ ਸਕਦੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਦੂਜਿਆਂ ਦੇ ਯਤਨਾਂ ਦੀ ਕਦਰ ਕਰੀਏ ਅਤੇ ਜੇ ਕੋਈ ਕਮੀ ਵੀ ਹੋਵੇ, ਤਾਂ ਉਸਨੂੰ ਪਿਆਰ ਅਤੇ ਸਮਝਦਾਰੀ ਨਾਲ ਦਰਸਾਈਏ। ਸਮਾਜ ਵਿੱਚ ਖੁਸ਼ੀਆਂ ਅਤੇ ਤਰੱਕੀਆਂ ਉਸ ਵੇਲੇ ਸੰਭਵ ਹਨ ਜਦੋਂ ਅਸੀਂ ਇੱਕ-ਦੂਜੇ ਨੂੰ ਹੌਸਲਾ ਦੇਈਏ, ਨਾ ਕਿ ਹਿੰਮਤ ਤੋੜੀਏ।

ਅਸਲ ਸਫਲਤਾ ਉਸੇ ਨੂੰ ਮਿਲਦੀ ਹੈ ਜੋ ਕਰ ਕੇ ਦਿਖਾਉਂਦਾ ਹੈ, ਨਾ ਕਿ ਸਿਰਫ਼ ਬੈਠ ਕੇ ਟਿੱਪਣੀਆਂ ਕਰਦਾ ਹੈ।



ਪਵਨ ਕੁਮਾਰ ਅੱਤਰੀ (ਕਪੂਰਥਲਾ)
ਮੋਬਾ 8427791277

# "ਜ਼ਿੰਦਗੀ ਨੂੰ ਅਜਾਈਂ ਨਾ ਗੁਆਓ"




ਮਨੁੱਖੀ ਸੁਭਾਅ ਵਿੱਚ ਕੁਦਰਤੀ ਤੌਰ ਤੇ ਹਰ ਰੰਗ ਮਾਨਣ ਦਾ ਚਾਅ ਛੁਪਿਆ ਹੋਇਆ ਹੁੰਦਾ ਹੈ । ਹੋਵੇ ਵੀ ਕਿਉਂ ਨਾ... ? ਰੱਬ ਨੇ ਜਿੰਨੀ ਜ਼ਿੰਦਗੀ ਵੀ ਦਿੱਤੀ ਹੈ ਉਸ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਜ਼ਿੰਦਗੀ ਜਿਊਣਾ ਤੇ ਜ਼ਿੰਦਗੀ ਦੇ ਰੰਗ ਮਾਨਣਾ ਆਪਣੇ ਆਪ ਵਿੱਚ ਦੋ ਅਲੱਗ ਵਿਸ਼ੇ ਵੀ ਹੋ ਸਕਦੇ ਹਨ ਜਾਂ ਫਿਰ ਇਹਨਾਂ ਨੂੰ ਇੱਕ ਕਰਕੇ ਵੀ ਦੇਖਿਆ ਜਾ ਸਕਦਾ ਹੈ। ਇਹ ਹਰ ਵਿਅਕਤੀ ਦੇ ਆਪਣੇ ਆਪਣੇ ਸੁਭਾਅ ਉੱਤੇ ਨਿਰਭਰ ਕਰਦਾ ਹੈ। ਕਈ ਲੋਕ ਜ਼ਿੰਦਗੀ ਵਿੱਚ ਸਿਰਫ਼ ਦਿਨ ਕਟੀ ਕਰ ਰਹੇ ਹੁੰਦੇ ਹਨ। ਕੋਈ ਕੋਈ ਦੁਨੀਆ ਦਾ ਹਰ ਰੰਗ ਖੁੱਲ੍ਹ ਕੇ ਮਾਨਣਾ ਚਾਹੁੰਦੇ ਹਨ। ਦਿਨ ਕਟੀ ਵੀ ਜੇ ਖੁਸ਼ੀ ਖੁਸ਼ੀ ਕੀਤੀ ਜਾਵੇ ਤਾਂ ਉਸ ਵਰਗਾ ਅਨੰਦ ਵੀ ਕਿਧਰੇ ਹੋਰ ਜਾ ਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜੇ ਦੂਜੇ ਪਾਸੇ ਗੱਲ ਕਰੀਏ ਦੁਨੀਆਂ ਦੇ ਰੰਗ ਮਾਨਣ ਦੀ ਤਾਂ ਕਈ ਲੋਕ ਰੰਗ ਮਾਣਦੇ ਮਾਣਦੇ ਜ਼ਿੰਦਗੀ ਤੋਂ ਵੀ ਹੱਥ ਧੋ ਬੈਠਦੇ ਹਨ। ਜ਼ਮਾਨੇ ਦੇ ਬਦਲਣ ਨਾਲ ਲੋਕਾਂ ਦੇ ਰਹਿਣ ਸਹਿਣ ਵਿੱਚ ਤਬਦੀਲੀ ਆਉਣੀ ਤਾਂ ਕੁਦਰਤੀ ਗੱਲ ਹੈ ਪਰ ਮਨੁੱਖ ਜਦੋਂ ਉਸ ਨੂੰ ਹੱਦੋਂ ਵੱਧ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਕੁਝ ਇਸੇ ਤਰ੍ਹਾਂ ਨਾਲ ਹੀ ਲੋਕਾਂ ਵਿੱਚ ਖ਼ਾਸ ਕਰਕੇ ਪੰਜਾਬੀਆਂ ਵਿੱਚ ਘੁੰਮਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਣ ਲੱਗਿਆ ਹੈ ਕਿ ਇੱਕ ਦੋ ਛੁੱਟੀਆਂ ਆਈਆਂ ਤਾਂ ਪਹਾੜਾਂ ਵਿੱਚ ਘੁੰਮਣ ਨਿਕਲ ਗਏ।ਘੁੰਮਣਾ ਚੰਗੀ ਗੱਲ ਹੈ ਪਰ ਅੱਜ ਦੀ ਤੇਜ਼ ਰਫ਼ਤਾਰੀ ਵਿੱਚ ਅਣਜਾਣ ਥਾਵਾਂ ਤੇ ਜਾ ਕੇ ਮਨਮਰਜੀਆਂ ਕਰਨੀਆਂ ਹਾਨੀਕਾਰਕ ਸਿੱਧ ਹੋ ਰਹੀਆਂ ਹਨ। ਗਰਮੀਆਂ ਦੇ ਦਿਨਾਂ ਵਿੱਚ ਨੌਜਵਾਨ ਵਰਗ ਜਾਂ ਜੀਹਦੇ ਪੱਲੇ ਚਾਰ ਪੈਸੇ ਹਨ ਉਹ ਤਾਂ ਬੱਸ ਘੁੰਮਣ ਜਾਣ ਲਈ ਛੁੱਟੀ ਦਾ ਇੰਤਜ਼ਾਰ ਕਰਦੇ ਹਨ। ਜਦ ਕਿ ਹੁਣ ਤੋਂ ਦੋ ਕੁ ਦਹਾਕੇ ਪਹਿਲਾਂ ਇਹੋ ਜਿਹਾ ਕੋਈ ਸ਼ੌਂਕ ਆਮ ਲੋਕਾਂ ਦੇ ਦਿਮਾਗਾਂ ਉੱਤੇ ਭਾਰੂ ਨਹੀਂ ਸੀ ਹੁੰਦਾ ਸਗੋਂ ਉਹ ਛੁੱਟੀ ਵਾਲੇ ਦਿਨ ਘਰ ਦਾ ਕੋਈ ਨਾ ਕੋਈ ਕੰਮ ਸੰਵਾਰਨ ਦੀ ਸੋਚ ਲੈ ਕੇ ਚੱਲਦੇ ਸਨ।

ਸਾਡੇ ਅਜੋਕੇ ਸਮਾਜ ਵਿੱਚ ਲੋਕਾਂ ਅੰਦਰ ਵਿਖਾਵਾ ਕਰਨ ਦੀ ਰੀਤ ਉੱਭਰ ਰਹੀ ਹੈ। ਸੋਸ਼ਲ ਮੀਡੀਆ ਦੇ ਪ੍ਰਚਲਨ ਕਾਰਨ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਲੋਕਾਂ ਵਿੱਚ ਆਪਣੇ ਪੈਸੇ ਦਾ ਵਿਖਾਵਾ ਕਰਨ ,ਵੱਖ ਵੱਖ ਅਤੇ ਮਹਿੰਗੀਆਂ ਥਾਵਾਂ ਤੇ ਘੁੰਮਣ ਜਾਣ ਦਾ ਵਿਖਾਵਾ ਕਰਨ, ਆਪਣੀਆਂ ਮਹਿੰਗੀਆਂ ਕਾਰਾਂ ਦਾ ਵਿਖਾਵਾ ਕਰਨ ਕਾਰਨ ਬਹੁਤੇ ਲੋਕ ਘੁੰਮਣ ਨਿਕਲਦੇ ਹਨ। ਰਸਤਿਆਂ ਦੀਆਂ, ਆਪਣੀਆਂ, ਆਪਣੀਆਂ ਕਾਰਾਂ ਦੀਆਂ ਜਾਂ ਮਹਿੰਗੇ ਆਲੀਸ਼ਾਨ ਹੋਟਲਾਂ ਦੀਆਂ ਜਿੰਨ੍ਹਾਂ ਵਿੱਚ ਠਹਿਰਦੇ ਹਨ, ਉਹਨਾਂ ਦੀਆਂ ਫੋਟੋਆਂ ਜਾਂ ਫਿਲਮਾਂ ਨੂੰ ਲਾਈਵ ਹੋ ਕੇ ਜਾਂ ਅੱਗੋਂ ਪਿੱਛੋਂ ਫੋਟੋਆਂ ਸੋਸ਼ਲ ਮੀਡੀਆ ਤੇ ਪਾਉਂਦੇ ਹਨ।ਇਹ ਇੱਕ ਤਰ੍ਹਾਂ ਨਾਲ ਆਪਣੀ ਸ਼ਾਨੋਸ਼ੌਕਤ ਦੀ ਮਸ਼ਹੂਰੀ ਕਰਨ ਲਈ ਕੀਤਾ ਜਾਂਦਾ ਹੈ। ਕਈ ਲੋਕ ਤਾਂ ਸਿਰਫ਼ ਵਿਖਾਵਾ ਕਰਨ ਲਈ ਕਰਜ਼ੇ ਸਿਰ ਤੇ ਚੜ੍ਹਾ ਕੇ ਘੁੰਮਣ ਜਾਂਦੇ ਹਨ ਕਿਉਂਕਿ ਉਹ ਉਹਨਾਂ ਰਿਸ਼ਤੇਦਾਰਾਂ ਜਾਂ ਦੋਸਤਾਂ ਮਿੱਤਰਾਂ ਨੂੰ ਦਿਖਾਉਣਾ ਚਾਹੁੰਦੇ ਹਨ ਜੋ ਪਹਿਲਾਂ ਘੁੰਮ ਕੇ ਆਏ ਹੁੰਦੇ ਹਨ।ਉਹ ਉਹਨਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਉਹ ਵੀ ਉਹਨਾਂ ਤੋਂ ਘੱਟ ਨਹੀਂ ਹਨ ਪਰ ਇਹ ਗੱਲਾਂ ਉਹਨਾਂ ਲਈ ਹੀ ਘਾਤਕ ਸਿੱਧ ਹੁੰਦੀਆਂ ਹਨ।

ਪੰਜਾਬ ਦੀਆਂ ਚੌੜੀਆਂ ਅਤੇ ਪੱਧਰੀਆਂ ਸੜਕਾਂ ਤੇ ਤੇਜ਼ ਰਫ਼ਤਾਰ ਕਾਰਾਂ ਅਤੇ ਮੋਟਰਸਾਈਕਲਾਂ ਨੂੰ ਚਲਾਉਣ ਵਾਲੇ ਨੌਜਵਾਨ ਪਹਾੜਾਂ ਵਿੱਚ ਘੁੰਮਣ ਗਏ ਉੱਥੋਂ ਦੀਆਂ ਸੜਕਾਂ ਉੱਤੇ ਉਸੇ ਤਰ੍ਹਾਂ ਵਾਹਨ ਚਲਾਉਂਦੇ ਹਨ। ਉੱਥੇ ਇੱਕ ਪਾਸੇ ਪਹਾੜ ਤੇ ਦੂਜੇ ਪਾਸੇ ਡੂੰਘੀਆਂ ਖਾਈਆਂ ਹੁੰਦੀਆਂ ਹਨ। ਛੋਟੀ ਜਿਹੀ ਲਾਪਰਵਾਹੀ ਕਾਰਨ ਉਹ ਆਪ ਤਾਂ ਹਾਦਸਿਆਂ ਦਾ ਸ਼ਿਕਾਰ ਹੁੰਦੇ ਹੀ ਹਨ ਪਰ ਕਈ ਧਿਆਨ ਨਾਲ ਆ ਰਹੇ ਲੋਕ ਵੀ ਉਹਨਾਂ ਲੋਕਾਂ ਦੀ ਲਾਪਰਵਾਹੀ ਦੀ ਚਪੇਟ ਵਿੱਚ ਆ ਕੇ ਆਪਣੇ ਟੱਬਰਾਂ ਦੇ ਟੱਬਰ ਗਵਾ ਬੈਠਦੇ ਹਨ। ਪਹਾੜੀ ਇਲਾਕਿਆਂ ਦੇ ਮੌਸਮਾਂ ਤੋਂ ਬੇਖ਼ਬਰ , ਉੱਥੋਂ ਦੇ ਨਦੀਆਂ ਨਾਲਿਆਂ ਤੋਂ ਬੇਖ਼ਬਰ ਇੱਕਦਮ ਆਏ ਪਾਣੀ ਦੇ ਤੇਜ਼ ਸੁਨਾਮੀ ਵਰਗੇ ਬਹਾਅ ਵੱਡੇ ਵੱਡੇ ਵਾਹਨ ਅਤੇ ਕਿੰਨੀਆਂ ਕੀਮਤੀ ਜ਼ਿੰਦਗੀਆਂ ਨੂੰ ਰੁੜ੍ਹਾ ਕੇ ਲੈ ਜਾਂਦੇ ਹਨ। ਕਈ ਵਾਰ ਭੂ-ਖਿਸਕਣ ਦੀਆਂ ਦਰਦਨਾਕ ਘਟਨਾਵਾਂ ਵਾਪਰਦੀਆਂ ਹਨ। ਵੱਡੇ ਵੱਡੇ ਰਾਕਸ਼ਸਾਂ ਵਰਗੇ ਪਹਾੜਾਂ ਦੇ ਪਹਾੜ ਜਦ ਡਿੱਗਦੇ ਹਨ ਤਾਂ ਸੜਕਾਂ ਦੇ ਨਾਲ ਨਾਲ ਉਹਨਾਂ ਉੱਪਰ ਖੜ੍ਹੇ ਵਾਹਨ ਵੀ ਉਹਨਾਂ ਹੇਠ ਦਫ਼ਨ ਹੋ ਜਾਂਦੇ ਹਨ। ਕਈ ਨੌਜਵਾਨ ਨਦੀਆਂ ਨਾਲਿਆਂ ਦੇ ਪਾਣੀਆਂ ਦੀ ਗਤੀ ਤੋਂ ਅਣਜਾਣ, ਪੰਜਾਬ ਦੀਆਂ ਨਹਿਰਾਂ ਵਿੱਚ ਛਾਲਾਂ ਮਾਰ ਕੇ ਅਸਾਨੀ ਨਾਲ ਤੈਰਨ ਵਾਲੇ ਮੁੰਡੇ ਅਕਸਰ ਉਹਨਾਂ ਦੀ ਤੇਜ਼ ਰਫ਼ਤਾਰੀ ਦੀ ਤਾਬ ਨਾ ਝੱਲਦੇ ਹੋਏ ਦੇਖਦੇ ਹੀ ਦੇਖਦੇ ਰੁੜ੍ਹ ਜਾਂਦੇ ਹਨ। ਮਾਪਿਆਂ ਦੀਆਂ ਲਾਡਲੀਆਂ ਔਲਾਦਾਂ ਦਾ ਇਸ ਤਰ੍ਹਾਂ ਭੰਗ ਦੇ ਭਾੜੇ ਚਲੇ ਜਾਣਾ ਵਾਕਿਆ ਹੀ ਬਹੁਤ ਦੁਖਦਾਈ ਅਤੇ ਅਸਹਿ ਹੁੰਦਾ ਹੈ। ਨਿੱਤ ਪੰਜਾਬ ਵੱਲੋਂ ਘੁੰਮਣ ਗਏ ਨੌਜਵਾਨਾਂ ਦੀਆਂ ਜਦ ਇਸ ਤਰ੍ਹਾਂ ਦੀਆਂ ਖਬਰਾਂ ਆਉਂਦੀਆਂ ਹਨ ਤਾਂ ਹਿਰਦੇ ਵਲੂੰਧਰੇ ਜਾਂਦੇ ਹਨ। ਸਾਰੇ ਸੈਲਾਨੀਆਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜਿੱਥੇ ਉਹ ਘੁੰਮਣ ਜਾ ਰਹੇ ਹਨ ਕੀ ਉਹਨਾਂ ਥਾਵਾਂ ਤੋਂ ਜਾਣੂ ਹਨ? ਨਹੀਂ ਤਾਂ ਹਰ ਓਪਰੀ ਜਗ੍ਹਾ ਤੇ ਜਾ ਕੇ ਦਾਇਰੇ ਵਿੱਚ ਰਹਿ ਕੇ ਹੀ ਮਨੋਰੰਜਨ ਕਰਨਾ ਚਾਹੀਦਾ ਹੈ। ਲੋਕ ਵਿਖਾਵੇ ਦੀ ਰੁਚੀ ਨੂੰ ਆਪਣੇ ਉੱਪਰ ਭਾਰੂ ਨਹੀਂ ਹੋਣ ਦੇਣਾ ਚਾਹੀਦਾ। ਸੈਲਫੀਆਂ ਲੈਂਦੇ ਡੂੰਘੀਆਂ ਖਾਈਆਂ ਵਿੱਚ ਗਿਰ ਜਾਣ ਵਰਗੀਆਂ ਘਟਨਾਵਾਂ ਤੋਂ ਬਚਣਾ ਚਾਹੀਦਾ ਹੈ। ਸੜਕਾਂ ਉੱਤੇ ਸਿਰਫ਼ ਓਧਰਲੇ ਲੋਕਾਂ ਜਾਂ ਮੌਸਮ ਮਾਹਿਰਾਂ ਦੀਆਂ ਹਿਦਾਇਤਾਂ ਅਨੁਸਾਰ ਹੀ ਨਿਕਲਣਾ ਚਾਹੀਦਾ ਹੈ। ਲੋਕੋ! ਇਹ ਜ਼ਿੰਦਗੀ ਬਹੁਤ ਅਨਮੋਲ ਹੈ ਇਸਨੂੰ ਅਜਾਈਂ ਨਹੀਂ ਗਵਾਓ।




**ਬਰਜਿੰਦਰ ਕੌਰ ਬਿਸਰਾਓ...**
**9988901324**


# (ਮਾਨਸਿਕ ਅਤੇ ਸਰੀਰਕ ਤੰਦਰੁਸਤੀ ਜਰੂਰੀ)

ਸੰਤੁਲਿਤ ਵਿਕਾਸ ਬੰਦੇ ਦਾ ਹੋਣਾ ਚਾਹੀਦਾ, ਸਰੀਰਕ ਤੇ ਮਾਨਸਿਕ ਸਿਹਤ ਬਹੁਤ ਜ਼ਰੂਰੀ। ਦੇਖਣ ਨੂੰ ਭਾਵੇਂ ਹੱਟੇ ਕੱਟੇ ਲੱਗਦੇ, ਪਰ ਅੰਦਰ ਦੀ ਟੁੱਟ ਫੁੱਟ ਵਿੱਚ ਹੁੰਦੀ ਉਨ੍ਹਾਂ ਦੀ ਮਜ਼ਬੂਰੀ। ਸਿਆਣੇ ਕਹਿੰਦੇ "ਦਰਦ ਦਾ ਡਰ" ਦਰਦ ਨਾਲੋਂ ਵੀ ਭਿਆਨਕ ਹੈ ਹੁੰਦਾ। ਮਨੋਵਿਗਿਆਨ ਕਹਿੰਦਾ, ਸ਼ੁਰੂਆਤ ਹਰ ਬਿਮਾਰੀ ਦਾ ਮਨੋਵਿਗਿਆਨਿਕ ਹੈ ਹੁੰਦਾ। ਮਾਨਸਿਕ ਵਿਗਾੜਾਂ ਦਾ ਕਾਰਨ, ਦੂਸਰੇ ਵਿਅਕਤੀ ਦੀ ਥਾਂ, ਅਪਣੇ ਆਪ ਨੂੰ ਰੱਖ ਕੇ, ਦੇਖਣ ਦੀ ਪ੍ਰਵਿਰਤੀ ਦੀ ਘਾਟ ਕਰਕੇ ਵੀ ਹੈ ਹੁੰਦਾ। ਰਿਸ਼ਤਿਆਂ ਨੂੰ ਆਧੁਨਿਕਤਾ ਅਤੇ ਮਾਨਸਿਕ ਸਿਹਤ ਦੇ ਪਲੜਿਆਂ ਵਿਚਲਾ ਸਮਤੋਲ ਹੀ ਮਜ਼ਬੂਤ ਸ਼ਖ਼ਸੀਅਤ ਦੀ ਗਵਾਹੀ ਹੈ ਭਰਦਾ। ਮਸ਼ੀਨੀਕਰਨ ਦੇ ਆਧੁਨਿਕ ਯੁੱਗ ਵਿੱਚ, ਸਰੀਰ ਦੇ ਨਾਲ ਨਾਲ, ਮਾਨਸਿਕ ਸਿਹਤ ਵੱਲ ਧਿਆਨ ਹੈ ਮੰਗਦਾ।ਸਾਨੂੰ ਸਮਝਣ ਦੀ ਲੋੜ ਹੈ, ਸਰੀਰ ਦੇ ਨਾਲ ਮਨ ਵੀ ਰੋਗੀ ਹੋ ਸਕਦਾ ਹੈ। ਮਾਨਸਿਕ ਰੋਗੀਆਂ ਨਾਲ ਸੰਸਾਰ ਭਰਿਆ ਪਿਆ ਹੈ। ਉਹਨਾਂ ਨੂੰ ਹੀਣਤਾ ਦੀ ਭਾਵਨਾ ਨਾਲ ਦੇਖਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਕੇ ਸਬੰਧੀ, ਹਾਲੋਂ ਬੇਹਾਲ ਹੁੰਦੇ ਹੋਏ ਉਸ ਨੂੰ ਮਾਨਸਿਕ ਰੋਗੀ ਕਹਿਣ ਤੋਂ ਝਿਜਕਦੇ ਹਨ।ਇਸ ਮਨੋਬਿਰਤੀ ਨੂੰ ਬਦਲਣ ਦੀ ਲੋੜ ਹੈ। 21ਵੀਂ ਸਦੀ ਦੀ ਸਭ ਤੋਂ ਵੱਡੀ ਚੁਣੌਤੀ ਬਣੀ ਹੋਈ ਹੈ ਮਾਨਸਿਕ ਸਿਹਤ, ਇੱਕਹਿਰੇ ਪ੍ਰੀਵਾਰਾਂ ਵਿੱਚ ਹੋਣ ਦਾ ਜ਼ਿਆਦਾ ਖ਼ਦਸ਼ਾ ਹੈ ਹੁੰਦਾ, ਸਾਂਝੇ ਪਰਿਵਾਰਾਂ ਦੇ ਮੁਕਾਬਲੇ। ਮਾਨਸਿਕ ਪਹਿਲੂਆਂ ਅਤੇ ਹਾਲਾਤ ਵਿੱਚ ਸੰਤੁਲਨ, ਕਿਸੇ ਸ਼ਖਸੀਅਤ ਨੂੰ, ਨਿਖਾਰਨ ਵਿੱਚ, ਅਹਿਮ ਭੂਮਿਕਾ ਨਿਭਾ ਸਕਦੇ ਹਨ।




**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ।**
**ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ :**
**9878469639**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com